ਗੁਪਤ

# ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ

ਮੰਗਲਵਾਰ, ਮਿਤੀ 27 ਸਤੰਬਰ, 2011 ਨੂੰ 2.30 ਵਜੇ ਬਾਅਦ ਦੁਪਹਿਰ, ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਸਿੰਡੀਕੇਟ ਰੂਮ (ਸੈਨੇਟ ਹਾਲ ਬਿਲਡਿੰਗ) ਵਿਖੇ ਹੋਈ ਸਿੰਡੀਕੇਟ ਦੀ ਇਕੱਤਰਤਾ ਦੀ ਕਾਰਵਾਈ ।

ਹਾਜ਼ਰ:

1. ਡਾ. ਏ.ਐਸ. ਬਰਾੜ . . . (ਸਭਾਪਤੀ)
   ਵਾਈਸ-ਚਾਂਸਲਰ
2. ਡਾ. ਰਜਿੰਦਰਜੀਤ ਕੌਰ,
   ਡੀਨ, ਅਕਾਦਮਿਕ ਮਾਮਲੇ
3. ਡਾ. ਜੇ.ਐਸ. ਬੱਲ,
   ਡੀਨ, ਐਗਰੀਕਲਚਰਲ ਤੇ ਫੋਰੈਸਟਰੀ ਫੈਕਲਟੀ
4. ਡਾ. ਰਾਧਾ ਸ਼ਰਮਾ,
   ਡੀਨ, ਆਰਟਸ ਤੇ ਸੋਸ਼ਲ ਸਾਇੰਸਜ਼ ਫ਼ੈਕਲਟੀ
5. ਡਾ. ਰਾਕੇਸ਼ ਮਹਾਜਨ,
   ਡੀਨ, ਸਾਇੰਸਜ਼ ਫੈਕਲਟੀ
6. ਡਾ. ਪਰਮਜੀਤ ਸਿੰਘ ਸਿੱਧੂ,
   ਪ੍ਰੋਫੈਸਰ ਅਤੇ ਮੁਖੀ, ਸਕੂਲ ਆਫ ਪੰਜਾਬੀ ਸਟੱਡੀਜ਼
7. ਡਾ. ਜਸਪਾਲ ਸਿੰਘ,
   ਰੀਡਰ ਅਤੇ ਮੁਖੀ, ਲਾਅ ਵਿਭਾਗ
8. ਸ੍ਰੀਮਤੀ ਰਘਬੀਰ ਕੌਰ,
   ਪ੍ਰਿੰਸੀਪਲ, ਸ਼ਹੀਦ ਦਰਸ਼ਨ ਸਿੰਘ ਫੇਰੂਮਾਨ ਮੈਮੋਰੀਅਲ ਕਾਲਜ ਫਾਰ ਵੂਮੈਨ, ਰਈਆ
9. ਡਾ. ਐਸ.ਕੇ. ਮੋਡਗਿੱਲ,
   ਪ੍ਰਿੰਸੀਪਲ, ਐਸ.ਐਸ.ਐਮ. ਕਾਲਜ, ਦੀਨਾ ਨਗਰ
10. ਸ੍ਰੀ ਵਿਨੋਦ ਕੁਮਾਰ ਸ਼ਾਹੀ,
    ਪ੍ਰਿੰਸੀਪਲ, ਜੀ.ਜੀ.ਐਸ. ਗੌਰਮਿੰਟ ਕਾਲਜ, ਜੰਡਿਆਲਾ (ਜਲੰਧਰ)
11. ਡਾ. ਸੁਰਜੀਤ ਪਾਤਰ, ਲੁਧਿਆਣਾ
12. ਪ੍ਰੋ. ਮਨਜੀਤ ਸਿੰਘ, ਪਟਿਆਲਾ
13. ਡਾ. ਇੰਦਰਜੀਤ ਸਿੰਘ . . . (ਸਕੱਤਰ)
    ਰਜਿਸਟਰਾਰ

ਏਜੰਡਾ ਸ਼ੁਰੂ ਕਰਨ ਤੋਂ ਪਹਿਲਾਂ ਵਾਈਸ-ਚਾਂਸਲਰ ਸਾਹਿਬ ਨੇ ਡਾ. ਬਰਕਤ ਅਲੀ, ਡਾ. ਤੇਜਿੰਦਰ ਕੌਰ ਮਾਨ, ਮਿਸਿਜ਼ ਨਿਰਮਲ ਪਾਂਧੀ, ਡਾ. ਐਸ.ਐਸ. ਜੌਹਲ, ਪ੍ਰੋ. ਦੀਪਕ ਪੇਂਟਲ, ਪ੍ਰੋ. ਆਰ.ਪੀ. ਬਾਂਬਾਹ, ਪ੍ਰੋ. ਵਿਰਸਾ ਸਿੰਘ ਵਲਟੋਹਾ, ਡਾ. ਦਿਨੇਸ਼ ਸ਼ਰਮਾ ਅਤੇ ਸ. ਲਖਬੀਰ ਸਿੰਘ ਲੋਧੀਨੰਗਲ ਵੱਲੋਂ ਯੂਨੀਵਰਸਿਟੀ ਦੀ ਬਿਹਤਰੀ ਲਈ ਦਿੱਤੇ ਸਹਿਯੋਗ ਲਈ ਧੰਨਵਾਦ ਕੀਤਾ।

ਵਾਈਸ-ਚਾਂਸਲਰ ਸਾਹਿਬ ਨੇ ਦਸਿਆ ਕਿ ਮਿਤੀ 1.7.2011 ਤੋਂ ਸ਼ੁਰੂ ਹੋਈ ਸਿੰਡੀਕੇਟ ਉੱਤੇ ਡਾ. ਰਾਕੇਸ਼ ਮਹਾਜਨ, ਡਾ. ਜਸਪਾਲ ਸਿੰਘ, ਡਾ. ਐਸ. ਕੇ. ਮੋਡਗਿੱਲ, ਸ੍ਰੀ ਕੇ.ਐਸ. ਬੈਂਸ, ਡਾ. ਸੁਰਜੀਤ ਪਾਤਰ ਅਤੇ ਪ੍ਰੋ. ਮਨਜੀਤ ਸਿੰਘ ਦੀ ਨਵੇਂ ਮੈਂਬਰ ਵਜੋਂ ਨਿਯੁਕਤੀ ਹੋਈ ਹੈ। ਉਨ੍ਹਾਂ ਸਮੂਹ ਮੈਂਬਰ ਸਾਹਿਬਾਨ ਨੂੰ ਇੱਕਤਰਤਾ ਵਿਚ ਸ਼ਾਮਲ ਹੋਣ ਲਈ 'ਜੀ ਆਇਆਂ' ਆਖਿਆ ਅਤੇ ਆਸ ਪ੍ਰਗਟ ਕੀਤੀ ਕਿ ਉਹ ਯੂਨੀਵਰਸਿਟੀ ਦੀ ਬਿਹਤਰੀ ਲਈ ਆਪਣਾ ਪੂਰਨ ਸਹਿਯੋਗ ਦੇਂਦੇ ਰਹਿਣਗੇ।

ਉਪਰੰਤ ਏਜੰਡੇ ਤੇ ਕਾਰਵਾਈ ਸ਼ੁਰੂ ਹੋਈ।

ਸਿੰਡੀਕੇਟ ਦੀ ਇਕੱਤਰਤਾ ਮਿਤੀ 24.6.2011 ਦੀ ਕਾਰਵਾਈ ਦੀ ਵਾਧੇ ਸਹਿਤ ਪੁਸ਼ਟੀ।

1. ਮਿਤੀ 24.6.2011 ਨੂੰ ਹੋਈ ਸਿੰਡੀਕੇਟ ਦੀ ਇਕੱਤਰਤਾ ਦੀ ਕਾਰਵਾਈ ਦੀ ਪੁਸ਼ਟੀ ਕਰਨ ਤੇ ਵਿਚਾਰ ਹੋਈ।

**ਪਾਸ ਹੋਇਆ** ਕਿ ਮਿਤੀ 24.6.2011 ਨੂੰ ਹੋਈ ਸਿੰਡੀਕੇਟ ਦੀ ਇੱਕਤਰਤਾ ਦੀ ਕਾਰਵਾਈ ਦੀ ਪੁਸ਼ਟੀ ਪੈਰਾ ਨੰ: 32 ਵਿਚ ਹੇਠ ਲਿਖੇ ਵਾਧੇ ਸਹਿਤ ਕੀਤੀ ਜਾਂਦੀ ਹੈ:-

> **"Note:-** The approval of recommendations of Regulation Committee meeting dated 16.6.2011 at Sr. No. 1 be effective w.e.f. session 2011-12 and for session 2010-11 the previous policy shall prevail."

ਸਿੰਡੀਕੇਟ ਦੀ ਇਕੱਤਰਤਾ ਮਿਤੀ 24.6.2011 ਦੇ ਨਿਰਣਿਆਂ 'ਤੇ ਕੀਤੀ ਕਾਰਵਾਈ ਨੋਟ ਕੀਤੀ ਗਈ।

2. ਮਿਤੀ 24.6.2011 ਨੂੰ ਹੋਈ ਸਿੰਡੀਕੇਟ ਦੀ ਇਕੱਤਰਤਾ ਦੇ ਵੱਖ-ਵੱਖ ਨਿਰਣਿਆਂ 'ਤੇ ਕੀਤੀ ਕਾਰਵਾਈ **ਅੰਤਿਕਾ** ਅਨੁਸਾਰ ਨੋਟ ਕੀਤੀ ਗਈ।

ਸਬੰਧਤ ਅਧਿਆਪਕਾਂ ਨੂੰ ਵਿਦੇਸ਼ ਵਿਖੇ ਕਾਨਫਰੰਸ ਵਿਚ ਭਾਗ ਲੈਣ ਲਈ ਵਿਤੀ ਸਹਾਇਤਾ ਦੀ ਪੁਸ਼ਟੀ।

3. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪਰਵਾਨਗੀ ਦੀ ਆਸ ਤੇ ਵਾਈਸ-ਚਾਂਸਲਰ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਹੇਠ ਲਿਖੇ ਅਧਿਆਪਕਾਂ ਨੂੰ, ਹਰੇਕ ਅੱਗੇ ਦਰਸਾਏ ਅਨੁਸਾਰ, ਕਾਨਫਰੰਸ ਵਿਚ ਭਾਗ ਲੈਣ ਲਈ ਖਰਚੇ ਦਾ 50% ਜਾਂ 40000/-ਰੁਪਏ, ਜੋ ਵੀ ਘੱਟ ਹੋਵੇ, ਯੂ.ਜੀ.ਸੀ. ਦੀ 16 Merged Scheme ਅਧੀਨ ਪ੍ਰਾਪਤ ਹੋਣ ਵਾਲੀ ਗ੍ਰਾਂਟ ਵਿਚੋਂ ਵਿਤੀ ਸਹਾਇਤਾ ਦੀ ਪਰਵਾਨਗੀ ਦਿੱਤੀ ਹੈ:-

| ਕ੍ਰਮ ਨੰ: | ਅਧਿਆਪਕ ਦਾ ਨਾਮ | ਕਾਨਫਰੰਸ ਬਾਰੇ ਵੇਰਵਾ |
|---|---|---|
| 1. | ਡਾ. ਸ਼ਰਨਜੀਤ ਸਿੰਘ ਢਿੱਲੋਂ,<br>ਪ੍ਰੋਫੈਸਰ,<br>ਪੰਜਾਬ ਸਕੂਲ ਆਫ ਇਕਨਾਮਿਕਸ | International Conference on "Human Development and Capability Association Development as Freedom" to be held in The Hague, Netherlands, from 5th to 8th September, 2011. |

| | | |
|---|---|---|
| 2. | ਮਿਸਿਜ਼ ਦੀਪ ਕਮਲ ਕੌਰ ਰੰਧਾਵਾ, ਅਸਿਸਟੈਂਟ ਪ੍ਰੋਫੈਸਰ, ਇਲੈਕਟ੍ਰੋਨਿਕਸ ਅਤੇ ਕਮਿਊਨੀਕੇਸ਼ਨ ਇੰਜੀਨੀਰਿੰਗ ਵਿਭਾਗ, ਰਿਜਨਲ ਕੈਂਪਸ , ਜਲੰਧਰ | International Conference on "2011 IEEE Regional Symposium on Micro and Nanoelectronics RSM 2011" to be held in Le Meridien, Kota Kinabalu, Malaysia, from 28th to 30th September, 2011. |
| 3. | ਡਾ. ਅਨੁਪਮ ਕੌਰ, ਰੀਡਰ, ਹਿਊਮਨ ਜੈਨੇਟਿਕਸ ਵਿਭਾਗ | International Conference on "12th International Congress of Human Genetics and 61st ASHG Annual Meeting" to be held in Montreal, Canada, from 11th to 15th October, 2011. |

**ਡਾ. ਕਮਲਜੀਤ ਸਿੰਘ, ਪ੍ਰੋਫੈਸਰ ਅਤੇ ਮੁਖੀ, ਅਪਲਾਈਡ ਕੈਮੀਕਲ ਸਾਇੰਸਜ਼ ਅਤੇ ਟੈਕਨਾਲੋਜੀ ਵਿਭਾਗ ਨੂੰ Visiting Fellowship ਲਈ ਵਿਤੀ ਸਹਾਇਤਾ ਦੀ ਪੁਸ਼ਟੀ।**

4. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪਰਵਾਨਗੀ ਦੀ ਆਸ ਤੇ ਵਾਈਸ-ਚਾਂਸਲਰ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਡਾ. ਕਮਲਜੀਤ ਸਿੰਘ, ਪ੍ਰੋਫੈਸਰ ਅਤੇ ਮੁਖੀ, ਅਪਲਾਈਡ ਕੈਮੀਕਲ ਸਾਇੰਸਜ਼ ਅਤੇ ਟੈਕਨਾਲੋਜੀ ਵਿਭਾਗ ਨੂੰ International Sceintific Collaboration and Exchange of Sceintists Programme ਅਧੀਨ ਮਈ-ਜੁਲਾਈ, 2012 ਦੌਰਾਨ Visiting Fellowship Award ਲਈ ਯੂਨੀਵਰਸਿਟੀ ਕਾਲਜ, ਲੰਡਨ ਵਿਖੇ ਜਾਣ ਲਈ ਖਰਚੇ ਦਾ 50% ਜਾਂ 40,000 ਰੁਪਏ ਜੋ ਵੀ ਘੱਟ ਹੋਵੇ, ਯੂ.ਜੀ.ਸੀ. ਦੀ 16 merged schemes ਅਧੀਨ ਪ੍ਰਾਪਤ ਹੋਣ ਵਾਲੀ ਗ੍ਰਾਂਟ ਵਿਚੋਂ ਵਿਤੀ ਸਹਾਇਤਾ ਦੀ ਪਰਵਾਨਗੀ ਦਿੱਤੀ ਹੈ।

**ਸਬੰਧਤ ਅਧਿਆਪਕਾਂ ਦੀ ਮੁਖੀ ਵਿਭਾਗ ਵਜੋਂ ਨਿਯੁਕਤੀ ਦੀ ਪੁਸ਼ਟੀ।**

5. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪਰਵਾਨਗੀ ਦੀ ਆਸ ਤੇ ਵਾਈਸ-ਚਾਂਸਲਰ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ –

(I) (ੳ) ਡਾ. ਪ੍ਰਭਜੀਤ ਸਿੰਘ, ਪ੍ਰੋਫੈਸਰ, ਬਾਇਓ-ਟੈਕਨਾਲੋਜੀ ਵਿਭਾਗ ਨੂੰ ਯੂਨੀਵਰਸਿਟੀ ਨਿਯਮਾਂ ਅਨੁਸਾਰ ਮਿਤੀ 15.8.2011 ਤੋਂ 31.12.2011 ਤੱਕ ਅਤੇ 1.1.2012 ਤੋਂ 31.12.2014 ਤੱਕ ਉਕਤ ਵਿਭਾਗ ਦਾ ਮੁਖੀ ਨਿਯੁਕਤ ਕੀਤਾ ਹੈ।

(ਅ) ਡਾ. ਪ੍ਰਭਜੀਤ ਸਿੰਘ, ਪ੍ਰੋਫੈਸਰ ਵੱਲੋਂ ਬਿਮਾਰ ਹੋਣ ਕਾਰਣ ਮੁਖੀ ਵਿਭਾਗ ਦੀ ਜ਼ਿੰਮੇਵਾਰੀ ਨਿਭਾਉਣ ਤੋਂ ਅਸਮਰਥਾ ਜ਼ਾਹਿਰ ਕਰਨ ਕਰਕੇ ਉਨ੍ਹਾਂ ਦੀ ਥਾਂ ਡਾ. ਗੁਰਚਰਨ ਕੌਰ, ਪ੍ਰੋਫੈਸਰ, ਬਾਇਓ-ਟੈਕਨਾਲੋਜੀ ਵਿਭਾਗ ਨੂੰ ਮਿਤੀ 8.9.2011 ਤੋਂ 31.12.2011 ਤੱਕ ਉਕਤ ਵਿਭਾਗ ਦੇ ਮੁਖੀ ਵਜੋਂ ਨਿਯੁਕਤ ਕੀਤਾ ਹੈ।

(II) ਡਾ. ਗੁਰਪ੍ਰੀਤ ਕੌਰ, ਪ੍ਰੋਫੈਸਰ, ਸੰਗੀਤ ਵਿਭਾਗ ਨੂੰ ਯੂਨੀਵਰਸਿਟੀ ਨਿਯਮਾਂ ਅਨੁਸਾਰ ਮਿਤੀ 11.7.2011 ਤੋਂ 30.6.2014 ਤੱਕ ਉਕਤ ਵਿਭਾਗ ਦਾ ਮੁਖੀ ਨਿਯੁਕਤ ਕੀਤਾ ਹੈ।

(III) ਡਾ. ਜਯੋਤੀਸ਼ ਮਲਹੋਤਰਾ, ਰੀਡਰ, ਇਲੈਕਟ੍ਰੋਨਿਕਸ ਅਤੇ ਕਮਿਊਨੀਕੇਸ਼ਨ ਇੰਜੀਨੀਅਰਿੰਗ ਵਿਭਾਗ, ਰਿਜਨਲ ਕੈਂਪਸ, ਜਲੰਧਰ ਨੂੰ ਯੂਨੀਵਰਸਿਟੀ ਨਿਯਮਾਂ ਅਨੁਸਾਰ ਮਿਤੀ 1.7.2011 ਤੋਂ 30.6.2014 ਤੱਕ ਤਿੰਨ ਸਾਲ ਲਈ ਉਕਤ ਵਿਭਾਗ ਦਾ ਮੁਖੀ ਨਿਯੁਕਤ ਕੀਤਾ ਹੈ।

(iv) ਸ੍ਰੀ ਜਸਵਿੰਦਰ ਸਿੰਘ, ਰੀਡਰ ਅਤੇ ਮੁਖੀ, ਕੰਪਿਊਟਰ ਸਾਇੰਸ ਤੇ ਇੰਜੀਨੀਅਰਿੰਗ ਵਿਭਾਗ ਵੱਲੋਂ ਮੁਖੀ ਵਿਭਾਗ ਦੀਆਂ ਜਿੰਮੇਵਾਰੀਆਂ ਨਿਭਾਉਣ ਤੋਂ ਅਸਮਰਥਾ ਜਾਹਿਰ ਕਰਨ ਕਰਕੇ ਉਨ੍ਹਾਂ ਦੀ ਥਾਂ ਡਾ. ਗੁਰਵਿੰਦਰ ਸਿੰਘ, ਰੀਡਰ ਨੂੰ ਮਿਤੀ 7.9.2011 ਤੋਂ 31.12.2011 ਤੱਕ ਅਤੇ 1.1.2012 ਤੋਂ 31.1.2012 ਤੱਕ ਉਕਤ ਵਿਭਾਗ ਦੇ ਮੁਖੀ ਵਜੋਂ ਨਿਯੁਕਤ ਕੀਤਾ ਹੈ।

ਡਾ. ਰਕੇਸ਼ ਕੁਮਾਰ ਮਹਾਜਨ, ਪ੍ਰੋਫੈਸਰ, ਕੈਮਿਸਟਰੀ ਵਿਭਾਗ ਦੀ ਪ੍ਰੋਫੈਸਰ ਇੰਚਾਰਜ ਵਜੋਂ ਨਿਯੁਕਤੀ ਦੀ ਪੁਸ਼ਟੀ।

6. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪਰਵਾਨਗੀ ਦੀ ਆਸ ਤੇ ਵਾਈਸ-ਚਾਂਸਲਰ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ -

(ੳ) ਡਾ. ਰਕੇਸ਼ ਕੁਮਾਰ ਮਹਾਜਨ, ਪ੍ਰੋਫੈਸਰ, ਕੈਮਿਸਟਰੀ ਵਿਭਾਗ ਨੂੰ ਮਿਤੀ 11.7.2011 ਤੋਂ ਮੁੜ-ਮੁਲਾਂਕਣ ਸ਼ਾਖਾ, ਯੂ.ਐਮ.ਸੀ. ਸੈਕਸ਼ਨ ਅਤੇ ਸਰਟੀਫਿਕੇਟ ਸੈਕਸ਼ਨ ਦਾ ਪ੍ਰੋਫੈਸਰ ਇੰਚਾਰਜ ਨਿਯੁਕਤ ਕੀਤਾ ਹੈ।

(ਅ) ਡਾ. ਰਕੇਸ਼ ਕੁਮਾਰ ਮਹਾਜਨ, ਪ੍ਰੋਫੈਸਰ, ਕੈਮਿਸਟਰੀ ਵਿਭਾਗ ਨੂੰ ਮਿਤੀ 1.8.2011 ਤੋਂ ਅਗਲੇ ਆਦੇਸ਼ਾਂ ਤੱਕ ਪ੍ਰੋਫੈਸਰ ਇੰਚਾਰਜ (ਪ੍ਰੀਖਿਆਵਾਂ) ਵਜੋਂ ਨਿਯੁਕਤ ਕੀਤਾ ਹੈ।

ਸ. ਮਹਿੰਦਰ ਸਿੰਘ, ਆਫੀਸਰ ਆਨ ਸਪੈਸ਼ਲ ਡਿਊਟੀ ਦੀ ਨਿਯੁਕਤੀ ਵਿਚ ਵਾਧਾ।

7. ਵਾਈਸ-ਚਾਂਸਲਰ ਸਾਹਿਬ ਦੀ ਸਿਫਾਰਸ਼ 'ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਸ. ਮਹਿੰਦਰ ਸਿੰਘ, ਆਫੀਸਰ ਆਨ ਸਪੈਸ਼ਲ ਡਿਊਟੀ (ਵਾਈਸ-ਚਾਂਸਲਰ ਦਫਤਰ), ਜੋ ਸਕੱਤਰ-ਵਾਈਸ-ਚਾਂਸਲਰ ਦੀਆਂ ਡਿਊਟੀਆਂ ਵੀ ਨਿਭਾ ਰਹੇ ਹਨ, ਦੀ ਕੰਟ੍ਰੈਕਟ ਨਿਯੁਕਤੀ ਦੀ ਮਿਆਦ ਵਿਚ ਮਿਤੀ 29.9.2011 ਤੋਂ 14.7.2012 ਤੱਕ ਪਹਿਲੀਆਂ ਹੀ ਬਾਨ੍ਹਾਂ ਅਤੇ ਸ਼ਰਤਾਂ 'ਤੇ ਵਾਧਾ ਕੀਤਾ ਜਾਂਦਾ ਹੈ।

ਸਬੰਧਤ ਵਿਅਕਤੀਆਂ ਦੀ ਨਿਯੁਕਤੀ/ਮੁੜ ਨਿਯੁਕਤੀ ਦੀ ਪੁਸ਼ਟੀ।

8. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪਰਵਾਨਗੀ ਦੀ ਆਸ ਤੇ ਵਾਈਸ-ਚਾਂਸਲਰ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ –

(ੳ) ਸ੍ਰੀ ਹਰਪ੍ਰਭਜੋਤ ਸਿੰਘ, ਸਹਾਇਕ ਡਾਇਰੈਕਟਰ, ਫਿਜੀਕਲ ਐਜੂਕੇਸ਼ਨ, ਰਿਜਨਲ ਕੈਂਪਸ, ਗੁਰਦਾਸਪੁਰ ਦੀ ਨਿਯੁਕਤੀ ਦੀ ਮਿਆਦ ਵਿਚ ਮਿਤੀ 28.7.2011 ਦੀ ਇੱਕ ਦਿਨ ਦੀ ਬਰੇਕ ਦੇ ਕੇ ਮਿਤੀ 29.7.2011 ਤੋਂ ਇਕ ਸਾਲ ਲਈ ਵਾਧਾ ਕੀਤਾ ਹੈ ਅਤੇ ਮਿਤੀ 1.4.2011 ਤੋਂ ਉਨ੍ਹਾਂ ਦੀ ਬੱਝਵੀਂ ਤਨਖਾਹ 14000/-ਰੁਪਏ ਤੋਂ ਵਧਾ ਕੇ 16000/- ਰੁਪਏ ਪ੍ਰਤੀ ਮਹੀਨਾ ਕੀਤੀ ਹੈ।

(ਅ) ਸ੍ਰੀ ਰਿਤੂ ਰਾਜ ਕਪੂਰ, ਜਿਮਨਾਸਟਿਕ ਕੋਚ ਦੀ ਨਿਯੁਕਤੀ ਦੀ ਮਿਆਦ ਵਿਚ ਮਿਤੀ 1.7.2011 ਤੋਂ ਛੇ ਮਹੀਨੇ ਲਈ ਪਹਿਲੀਆਂ ਹੀ ਬਾਨ੍ਹਾਂ ਅਤੇ ਸ਼ਰਤਾਂ 'ਤੇ ਵਾਧਾ ਕੀਤਾ ਹੈ।

(ੲ) ਸ੍ਰੀ ਇੰਦਰਜੀਤ ਸਿੰਘ, ਨਿੱਜੀ ਸਹਾਇਕ, ਉਸਾਰੀ ਵਿਭਾਗ ਨੂੰ ਮਿਤੀ 31.7.2011 ਨੂੰ ਸੇਵਾ-ਮੁਕਤ ਹੋਣ ਉਪਰੰਤ ਮਿਤੀ 1.8.2011 ਤੋਂ ਛੇ ਮਹੀਨੇ ਲਈ ਕੰਟਰੈਕਟ ਆਧਾਰ ਤੇ ਨਿੱਜੀ ਸਹਾਇਕ ਵਜੋਂ ਮੁੜ-ਨਿਯੁਕਤ ਕੀਤਾ ਹੈ। ਉਨ੍ਹਾਂ ਦੀ ਤਨਖਾਹ ਯੂਨੀਵਰਸਿਟੀ ਨਿਯਮਾਂ ਅਨੁਸਾਰ ਨਿਰਧਾਰਿਤ ਕੀਤੀ ਜਾਵੇਗੀ।

(ਸ) ਸ੍ਰੀ ਅਸ਼ੋਕ ਕੁਮਾਰ, ਟੈਕਨੀਸ਼ੀਅਨ (ਸੇਵਾ-ਮੁਕਤ), ਮਾਈਕ੍ਰੋਬਿਆਲੋਜੀ ਵਿਭਾਗ ਨੂੰ 6 ਮਹੀਨੇ ਲਈ ਜਾਂ ਅਸਾਮੀ ਬਕਾਇਦਾ ਭਰੇ ਜਾਣ ਤੱਕ, ਜੋ ਵੀ ਪਹਿਲਾਂ ਹੋਵੇ, 8000/- ਰੁਪਏ ਪ੍ਰਤੀ ਮਹੀਨਾ ਬੱਝਵੀਂ ਤਨਖਾਹ 'ਤੇ ਕੰਟਰੈਕਟ ਅਧਾਰ 'ਤੇ ਮੁੜ-ਨਿਯੁਕਤ ਕੀਤਾ ਹੈ। ਉਨ੍ਹਾਂ ਦੀ ਨਿਯੁਕਤੀ ਡਿਊਟੀ ਜਾਇਨ ਕਰਨ ਦੀ ਮਿਤੀ ਤੋਂ ਮੰਨੀ ਜਾਵੇਗੀ।

ਡਾ. ਜੀ.ਐਸ. ਵਿਰਕ, ਪ੍ਰੋਫੈਸਰ (ਰਿਟਾ.) ਦੀ ਰਿਜਨਲ ਕੈਂਪਸ, ਸਠਿਆਲਾ ਦੇ ਓ.ਐਸ.ਡੀ. ਵਜੋਂ ਨਿਯੁਕਤੀ ਦੀ ਪੁਸ਼ਟੀ।

9. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪਰਵਾਨਗੀ ਦੀ ਆਸ ਤੇ ਵਾਈਸ-ਚਾਂਸਲਰ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਡਾ. ਜੀ.ਐਸ. ਵਿਰਕ, ਪ੍ਰੋਫੈਸਰ (ਰਿਟਾ.), ਬੋਟੈਨੀਕਲ ਅਤੇ ਇਨਵਾਇਰਨਮੈਂਟਲ ਸਾਇੰਸਜ਼ ਵਿਭਾਗ ਨੂੰ ਗੁਰੂ ਨਾਨਕ ਦੇਵ ਯੂਨੀਵਰਸਿਟੀ ਰਿਜਨਲ ਕੈਂਪਸ, ਸਠਿਆਲਾ ਵਿਖੇ ਇਕ ਸਾਲ ਲਈ ਓ.ਐਸ.ਡੀ. ਵਜੋਂ ਹੇਠ ਲਿਖੀਆਂ ਬਾਨ੍ਹਾਂ ਅਤੇ ਸ਼ਰਤਾਂ ਤੇ ਨਿਯੁਕਤ ਕੀਤਾ ਹੈ:-

1. His re-employed position in the Department of Botanical and Environmental Sciences will be retained upto 30.6.2013.
2. He will be allowed to retain his sitting room and research laboratory in the Department of Botanical and Environmental Sciences to assist his four students who are doing their research work under different research projects under his guidance.
3. In the case of any unforeseen event, he will be allowed to leave the post of OSD at Regional Campus, Sathiala and also he will be allowed to join the post of Professor (re-employed) in the Department of Botanical and Environmental Sciences for the remaining period of re-employed i.e. upto 30.6.2013.
4. He will be paid emoluments Rs. 65000/- p.m.

ਸ੍ਰੀ ਸੁਭਾਸ਼ ਚੰਦਰ ਸ਼ਰਮਾ, ਓ.ਐਸ.ਡੀ., ਅਮਰਦੀਪ ਸੈਕੰਡਰੀ ਸਕੂਲ, ਮੁਕੰਦਪੁਰ ਦੀ ਨਿਯੁਕਤੀ ਵਿਚ ਵਾਧਾ।

10. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸ੍ਰੀ ਸੁਭਾਸ਼ ਚੰਦਰ ਸ਼ਰਮਾ, ਓ.ਐਸ.ਡੀ., ਅਮਰਦੀਪ ਸੈਕੰਡਰੀ ਸਕੂਲ, ਮੁਕੰਦਪੁਰ ਜਿਨ੍ਹਾਂ ਦੀ ਵਰਤਮਾਨ ਨਿਯੁਕਤੀ ਦੀ ਮਿਆਦ ਮਿਤੀ 30.9.2011 ਨੂੰ ਖਤਮ ਹੋ ਰਹੀ ਹੈ, ਦੀ ਨਿਯੁਕਤੀ ਦੀ ਮਿਆਦ ਵਿਚ ਮਿਤੀ 1.10.2011 ਤੋਂ ਅਗਲੇ ਹੁਕਮਾਂ ਤੱਕ ਪਹਿਲੀਆਂ ਹੀ ਬਾਨ੍ਹਾਂ ਅਤੇ ਸ਼ਰਤਾਂ 'ਤੇ ਵਾਧਾ ਕੀਤਾ ਜਾਂਦਾ ਹੈ।

ਦਾਖਲੇ ਲਈ ਯੋਗਤਾ ਸ਼ਰਤ ਵਿਚ ਸੋਧ ਦੀ ਪੁਸ਼ਟੀ।

11. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪਰਵਾਨਗੀ ਦੀ ਆਸ ਤੇ ਵਾਈਸ-ਚਾਂਸਲਰ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਯੂਨੀਵਰਸਿਟੀ ਕੈਲੰਡਰ 2008, ਜਿਲਦ ਦੂਜੀ ਦੇ ਪੰਨਾ 31 ਉੱਤੇ ਦਾਖਲਿਆਂ ਲਈ ਯੋਗਤਾ ਸ਼ਰਤ

ਸਬੰਧੀ ਅਧਿਆਦੇਸ਼ 6.2 ਵਿਚ ਹੇਠ ਲਿਖੇ ਅਨੁਸਾਰ ਸੋਧ ਦੀ ਪਰਵਾਨਗੀ ਦਿੱਤੀ ਹੈ। ਸੋਧ ਹਿਤ ਮਾਮਲਾ ਰੈਗੂਲੇਸ਼ਨਜ਼ ਕਮੇਟੀ ਵਿਚ ਭੇਜ ਦਿੱਤਾ ਜਾਵੇ:-

| **Present** | **Proposed** |
|---|---|
| 6.2. " In case of students who actually participated or accompanied the teams as reserves in the Inter-University and/or in the National level competitions as members of University or State team in cultural and other extra curricular activities, the requirement of marks for the purpose of admission to <u>M.A. and other Postgraduate</u> courses to which admission is made on the basis of marks obtained in B.A./B.Sc./ B.Com. or in any other equivalent examination shall be reduced by 5 percent." | 6.2. "In case of students who actually participated or accompanied the teams as reserves in the Inter-University and/or in the National level competitions as members of University or State team in cultural and other extra curricular activities, the requirement of marks for the purpose of admission to courses to which admission is made on the basis of marks obtained in B.A./B.Sc./ B.Com. or in any other equivalent examination shall be reduced by 5 percent." |

ਇਹ **ਨੋਟ** ਕੀਤਾ ਕਿ ਵਰਤਮਾਨ ਅਧਿਆਦੇਸ਼ ਅਨੁਸਾਰ ਐਮ.ਏ. ਅਤੇ ਦੂਜੇ ਪੋਸਟ-ਗ੍ਰੈਜੂਏਟ ਕੋਰਸਾਂ ਵਿਚ ਦਾਖਲੇ ਲਈ ਬੀ.ਏ./ਬੀ.ਐਸ.ਸੀ./ਬੀ.ਕਾਮ. ਜਾਂ ਇਸ ਦੇ ਬਰਾਬਰ ਦੀ ਪ੍ਰੀਖਿਆ ਵਿਚੋਂ 5% ਨੰਬਰਾਂ ਦੀ ਛੋਟ ਹੈ। ਪ੍ਰੰਤੂ ਗ੍ਰੈਜੂਏਟ ਪੱਧਰ ਦੇ ਕੁਝ ਕੋਰਸਾਂ ਭਾਵ ਬੀ.ਪੀ.ਐਡ. ਵਿਚ ਦਾਖਲੇ ਲਈ ਅਜਿਹੀ ਵਿਵਸਥਾ ਨਹੀਂ ਹੈ।

**ਮਿਸ ਮਹਿਕ ਅਨੰਦ ਨੂੰ ਪੰਜਾਬੀ ਵਿਸ਼ਾ(ਕੰਪਲਸਰੀ) ਦੀ ਥਾਂ 'ਤੇ 'ਪੰਜਾਬ ਹਿਸਟਰੀ ਐਂਡ ਕਲਚਰ' ਵਿਸ਼ਾ ਲੈਣ ਦੀ ਵਿਸੇਸ ਆਗਿਆ ਦੀ ਪੁਸ਼ਟੀ।**

12. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪਰਵਾਨਗੀ ਦੀ ਆਸ ਤੇ ਵਾਈਸ-ਚਾਂਸਲਰ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਹਿਊਮਨ ਜੈਨੇਟਿਕਸ ਵਿਭਾਗ ਵਿਖੇ ਬੀ.ਐਸ.ਸੀ. (ਆਨਰਜ਼ ਸਕੂਲ) ਸਮੈਸਟਰ ਤੀਜਾ ਦੀ ਵਿਦਿਆਰਥਣ-ਮਿਸ ਮਹਿਕ ਆਨੰਦ, ਜੋ ਸਾਲ 2007 ਤੋਂ ਪੰਜਾਬ ਵਿਚ ਆਈ ਹੈ, ਨੂੰ ਪੰਜਾਬੀ ਭਾਸ਼ਾ ਦਾ ਗਿਆਨ ਨਾ ਹੋਣ ਕਾਰਣ ਪੰਜਾਬੀ ਕੰਪਲਸਰੀ ਵਿਸ਼ੇ ਦੀ ਥਾਂ 'ਪੰਜਾਬ ਹਿਸਟਰੀ ਐਂਡ ਕਲਚਰ' ਵਿਸ਼ਾ ਲੈਣ ਦੀ ਵਿਸ਼ੇਸ਼ ਤੌਰ 'ਤੇ ਆਗਿਆ ਦਿੱਤੀ ਹੈ। ਇਸ ਨੂੰ ਪੂਰਵ ਉਦਾਹਰਣ (Precedent) ਵਜੋਂ ਨਹੀਂ ਮੰਨਿਆ ਜਾਵੇਗਾ।

**ਬਰਿੰਦਰਜੀਤ ਕੌਰ ਨੂੰ ਸਪਲੀਮੈਂਟਰੀ ਪ੍ਰੀਖਿਆ 2011 ਵਿਚ ਬੀ.ਏ.ਭਾਗ ਪਹਿਲਾ ਦੇ ਖੁੰਝੇ ਪੇਪਰ ਦੇਣ ਦੀ ਆਗਿਆ ਦੀ ਪੁਸ਼ਟੀ।**

13. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪਰਵਾਨਗੀ ਦੀ ਆਸ ਤੇ ਵਾਈਸ-ਚਾਂਸਲਰ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਖੇ ਦਾਖਲ CWP No. 5311 of 2011 Barinderjit Kaur Vs. GNDU ਸਬੰਧੀ ਜਾਰੀ ਅੰਤ੍ਰਿਮ ਆਦੇਸ਼ਾਂ ਨੂੰ ਮੁੱਖ ਰੱਖਦਿਆਂ ਬੀ.ਏ.ਭਾਗ ਪਹਿਲਾ ਦੀ ਵਿਦਿਆਰਥਣ-ਬਰਿੰਦਰਜੀਤ ਕੌਰ ਨੂੰ ਇਕ ਵਿਸ਼ੇਸ ਕੇਸ ਵਜੋਂ ਸਪਲੀਮੈਂਟਰੀ ਪ੍ਰੀਖਿਆਵਾਂ 2011 ਵਿਚ ਖੁੰਝੇ ਪੇਪਰ ਦੇਣ ਦੀ ਆਗਿਆ ਦਿੱਤੀ ਹੈ।

ਸਬੰਧਤ ਵਿਦਿਆਰਥੀਆਂ ਦੀ ਲੇਟ ਫੀਸ ਨਾਲ ਦਾਖਲੇ ਦੀ ਪੁਸ਼ਟੀ।

14. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪਰਵਾਨਗੀ ਦੀ ਆਸ ਤੇ ਵਾਈਸ-ਚਾਂਸਲਰ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ -

(ੳ) ਬੋਟੈਨੀਕਲ ਅਤੇ ਇਨਵਾਇਰਨਮੈਂਟ ਸਾਇੰਸ ਵਿਭਾਗ ਵਿਖੇ ਐਮ.ਐਸ.ਸੀ.ਬੋਟਨੀ ਕਲਾਸ ਵਿਚ ਖਾਲੀ ਸੀਟਾਂ ਵਿਰੁੱਧ ਹੇਠ ਲਿਖੇ ਦੋ ਵਿਦਿਆਰਥੀਆਂ ਦੇ 5000/-ਰੁਪਏ ਲੇਟ ਫੀਸ ਨਾਲ ਦਾਖਲੇ ਦੀ ਆਗਿਆ ਦਿੱਤੀ ਹੈ:-

1. ਸ਼ਗੁਨ ਵਰਮਾ
2. ਸਿਲੋਨੀ ਸਿੰਘ

(ਅ) ਹਰਪ੍ਰੀਤ ਅਰੋੜਾ ਨੂੰ ਸੈਸ਼ਨ 2011-12 ਦੋਰਾਨ ਐਮ.ਐਸ.ਸੀ. (ਆਨਰਜ਼) ਹਿਊਮਨ ਜੈਨੇਟਿਕਸ, ਸਮੈਸਟਰ ਪਹਿਲਾ ਵਿਚ ਖਾਲੀ ਸੀਟ ਵਿਰੁੱਧ 5000/-ਰੁਪਏ ਲੇਟ ਫੀਸ ਨਾਲ ਦਾਖਲੇ ਦੀ ਆਗਿਆ ਦਿੱਤੀ ਹੈ।

(ੲ) ਐਮ.ਏ. ਸਾਈਕੋਲੋਜੀ ਦੀ ਵਿਦਿਆਰਥਣ ਮਨਜੀਤ ਕੌਰ ਨੂੰ ਤੀਸਰੇ ਸਮੈਸਟਰ (ਸੈਸ਼ਨ 2011-12) ਵਿਚ 5000/- ਰੁਪਏ ਲੇਟ ਫੀਸ ਨਾਲ ਦਾਖਲੇ ਦੀ ਆਗਿਆ ਦਿੱਤੀ ਹੈ।

(ਸ) ਕਾਨੂੰਨ ਵਿਭਾਗ, ਰਿਜਨਲ ਕੈਂਪਸ, ਜਲੰਧਰ ਵਿਖੇ ਬੀ.ਏ.ਐਲ.ਐਲ.ਬੀ. (ਆਨਰਜ਼) ਦੀ ਵਿਦਿਆਰਥਣ-ਮਿਸ ਵਿਨੀ ਸਿੰਘ ਨੂੰ ਸੈਸ਼ਨ 2011-12 ਲਈ ਤੀਜੇ ਸਮੈਸਟਰ ਵਿਚ 5000/- ਰੁਪਏ ਲੇਟ ਫੀਸ ਨਾਲ ਦਾਖਲੇ ਦੀ ਆਗਿਆ ਦਿੱਤੀ ਹੈ।

ਉਸਾਰੀ ਵਿਭਾਗ ਦਾ ਨਕਾਰਾ ਅਤੇ ਨਾ-ਵਰਤੋਂ ਯੋਗ ਸਮਾਨ ਵੱਟੇ-ਖਾਤੇ ਪਾਉਣ ਦੀ ਪਰਵਾਨਗੀ।

15. ਵਿਚਾਰ ਉਪਰੰਤ

**ਪਾਸ ਹੋਇਆ** ਕਿ ਉਸਾਰੀ ਵਿਭਾਗ ਵਿਖੇ ਵੱਖ-ਵੱਖ ਸਮੇਂ ਖ਼੍ਰੀਦੇ 256363/- ਰੁਪਏ ਕੀਮਤ ਦਾ ਸਮਾਨ, ਜੋ ਲੰਮੇ ਸਮੇਂ ਦੀ ਵਰਤੋਂ ਉਪਰੰਤ ਨਕਾਰਾ ਅਤੇ ਨਾ-ਵਰਤੋਂ ਯੋਗ ਹੋ ਚੁੱਕਾ ਹੈ, ਨੂੰ ਯੂਨੀਵਰਸਿਟੀ ਕੈਲੰਡਰ 2007, ਜਿਲਦ ਪਹਿਲੀ ਦੇ ਪੰਨਾ 131 ਉੱਤੇ ਸਟੈਚਿਊਟ 26(b)(5) ਅਧੀਨ ਵੱਟੇ ਖਾਤੇ ਪਾਉਣ ਲਈ ਵਾਈਸ-ਚਾਂਸਲਰ ਸਾਹਿਬ ਵੱਲੋਂ ਗਠਿਤ ਕਮੇਟੀ ਦੀਆਂ ਮਿਤੀ 7.7.2011 ਦੀਆਂ ਸਿਫਾਰਸ਼ਾਂ **ਅੰਤਿਕਾ** ਅਨੁਸਾਰ ਪਰਵਾਨ ਕੀਤੀਆਂ ਜਾਂਦੀਆਂ ਹਨ।

ਬਾਇਓ-ਟੈਕਨਾਲੋਜੀ ਵਿਭਾਗ ਦੇ ਨਕਾਰਾ ਅਤੇ ਨਾ-ਮੁਰੰਮਤ ਯੰਤਰ ਵੱਟੇ-ਖਾਤੇ ਪਾਉਣ ਦੀ ਪਰਵਾਨਗੀ।

16. ਵਿਚਾਰ ਉਪਰੰਤ

**ਪਾਸ ਹੋਇਆ** ਕਿ ਬਾਇਓ-ਟੈਕਨਾਲੋਜੀ ਵਿਭਾਗ ਵਿਖੇ ਵੱਖ-ਵੱਖ ਸਮੇਂ ਖ਼੍ਰੀਦੇ 550062/- ਰੁਪਏ ਕੀਮਤ ਦੇ ਯੰਤਰ, ਜੋ ਲੰਮੇ ਸਮੇਂ ਦੀ ਵਰਤੋਂ ਉਪਰੰਤ ਨਕਾਰਾ ਅਤੇ ਨਾ-ਮੁਰੰਮਤ ਯੋਗ ਹੋ ਚੁੱਕੇ ਹਨ, ਨੂੰ ਯੂਨੀਵਰਸਿਟੀ ਕੈਲੰਡਰ 2007, ਜਿਲਦ ਪਹਿਲੀ ਦੇ ਪੰਨਾ 131 ਉੱਤੇ ਸਟੈਚਿਊਟ 26(b)(5) ਅਧੀਨ ਵੱਟੇ ਖਾਤੇ ਪਾਉਣ ਲਈ ਵਾਈਸ-ਚਾਂਸਲਰ ਸਾਹਿਬ ਵੱਲੋਂ ਗਠਿਤ ਕਮੇਟੀ ਦੀਆਂ ਮਿਤੀ 27.6.2011 ਦੀਆਂ ਸਿਫਾਰਸ਼ਾਂ **ਅੰਤਿਕਾ** ਅਨੁਸਾਰ ਪਰਵਾਨ ਕੀਤੀਆਂ ਜਾਂਦੀਆਂ ਹਨ।

ਬਾਇਓ-ਟੈਕਨਾਲੋਜੀ ਵਿਭਾਗ ਦੇ ਨਕਾਰਾ ਅਤੇ ਨਾ-ਮੁਰਮੰਤਯੋਗ ਯੰਤਰ ਵੱਟੇ-ਖਾਤੇ ਪਾਉਣ ਦੀ ਪਰਵਾਨਗੀ।

17. ਵਿਚਾਰ ਉਪਰੰਤ

**ਪਾਸ ਹੋਇਆ** ਕਿ ਬਾਇਓ-ਟੈਕਨਾਲੋਜੀ ਵਿਭਾਗ ਵਿਖੇ ਵੱਖ-ਵੱਖ ਸਮੇਂ ਖ੍ਰੀਦੇ 1703450/- ਰੁਪਏ ਕੀਮਤ ਦੇ ਯੰਤਰ, ਜੋ ਲੰਮੇ ਸਮੇਂ ਦੀ ਵਰਤੋਂ ਉਪਰੰਤ ਨਕਾਰਾ ਅਤੇ ਨਾ-ਮੁਰੰਮਤਯੋਗ ਹੋ ਚੁੱਕੇ ਹਨ, ਨੂੰ ਯੂਨੀਵਰਸਿਟੀ ਕੈਲੰਡਰ 2007, ਜਿਲਦ ਪਹਿਲੀ ਦੇ ਪੰਨਾ 130-31 ਉਤੇ ਸਟੈਚਿਊਟ 26(b)(5) ਅਧੀਨ ਵੱਟੇ-ਖਾਤੇ ਪਾਉਣ ਲਈ ਵਾਈਸ-ਚਾਂਸਲਰ ਸਹਿਬ ਵੱਲੋਂ ਗਠਿਤ ਕਮੇਟੀ ਦੀਆਂ ਮਿਤੀ 22.7.2011 ਦੀਆਂ ਸਿਫ਼ਾਰਸ਼ਾਂ **ਅੰਤਿਕਾ** ਅਨੁਸਾਰ ਪਰਵਾਨ ਕੀਤੀਆਂ ਜਾਂਦੀਆਂ ਹਨ।

ਲਾਇਬ੍ਰੇਰੀ ਅਤੇ ਇਨਫਾਰਮੇਸ਼ਨ ਸਾਇੰਸ ਵਿਭਾਗ ਵਿਖੇ ਨਕਾਰਾ ਅਤੇ ਨਾਵਰਤੋਂਯੋਗ ਸਮਾਨ ਵੱਟੇ-ਖਾਤੇ ਪਾਉਣ ਦੀ ਪਰਵਾਨਗੀ।

18. ਵਿਚਾਰ ਉਪਰੰਤ

**ਪਾਸ ਹੋਇਆ** ਕਿ ਲਾਇਬ੍ਰੇਰੀ ਅਤੇ ਇਨਫਾਰਮੇਸ਼ਨ ਸਾਇੰਸ ਵਿਭਾਗ ਵਿਖੇ ਵੱਖ-ਵੱਖ ਸਮੇਂ 17762.22/- ਰੁਪਏ ਕੀਮਤ ਦਾ ਖ੍ਰੀਦਿਆ ਸਮਾਨ ਜੋ ਲਮੇ ਸਮੇਂ ਦੀ ਵਰਤੋਂ ਉਪਰੰਤ ਨਕਾਰਾ ਅਤੇ ਨਾਵਰਤੋਂਯੋਗ ਹੋ ਚੁੱਕਾ ਹੈ, ਨੂੰ ਯੂਨੀਵਰਸਿਟੀ ਕੈਲੰਡਰ 2007, ਜਿਲਦ ਪਹਿਲੀ ਦੇ ਪੰਨਾ 130-31 ਉਤੇ ਸਟੈਚਿਊਟ 26(b)(5) ਅਧੀਨ ਵੱਟੇ-ਖਾਤੇ ਪਾਉਣ ਲਈ ਵਾਈਸ-ਚਾਂਸਲਰ ਸਹਿਬ ਵੱਲੋਂ ਗਠਿਤ ਕਮੇਟੀ ਦੀਆਂ ਮਿਤੀ 26.7.2011 ਦੀਆਂ ਸਿਫ਼ਾਰਸ਼ਾਂ **ਅੰਤਿਕਾ** ਅਨੁਸਾਰ ਪਰਵਾਨ ਕੀਤੀਆਂ ਜਾਂਦੀਆਂ ਹਨ।

ਬੀ.ਪੀ.ਐਡ.ਕੋਰਸ ਵਿੱਚ ਦਾਖਲੇ ਦੀ ਯੋਗਤਾ ਸ਼ਰਤ ਵਿਚ ਸੋਧ ਦੀ ਪੁਸ਼ਟੀ।

19. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪਰਵਾਨਗੀ ਦੀ ਆਸ ਤੇ ਵਾਈਸ-ਚਾਂਸਲਰ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਪੰਜਾਬ ਸਰਕਾਰ ਦੇ ਪੱਤਰ ਨੰ: 13/11/2010-6Edu1/2238 ਮਿਤੀ 27.6.2011 ਨੂੰ ਮੁੱਖ ਰੱਖਦਿਆਂ ਬੋਰਡ ਆਫ ਕੰਟਰੋਲ ਦੀ ਇੱਕਤਰਤਾ ਮਿਤੀ 5.7.2011 ਦੀ ਸਿਫਾਰਸ਼ ਅਨੁਸਾਰ ਸੈਸ਼ਨ 2011-12 ਤੋਂ ਬੀ.ਪੀ.ਐੱਡ. ਕੋਰਸ ਵਿਚ ਦਾਖਲੇ ਦੀ ਯੋਗਤਾ ਸ਼ਰਤ ਵਿਚ **ਅੰਤਿਕਾ** ਅਨੁਸਾਰ ਸੋਧ ਦੀ ਪਰਵਾਨਗੀ ਦਿੱਤੀ ਹੈ।

ਅਪੰਗ ਕਰਮਚਾਰੀਆਂ ਨੂੰ ਪੱਦ-ਉਨਤੀਆਂ ਸਮੇਂ ਰਾਖਵਾਂਕਰਨ ਦੇਣ ਲਈ ਪੰਜਾਬ ਸਰਕਾਰ ਦਾ ਪੱਤਰ ਅਡਾਪਟ ਕਰਨ ਦੀ ਪਰਵਾਨਗੀ।

20. ਵਾਈਸ-ਚਾਂਸਲਰ ਸਾਹਿਬ ਦੀ ਸਿਫਾਰਸ਼ ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਅਪੰਗ ਕਰਮਚਾਰੀਆਂ ਨੂੰ ਸਰਕਾਰੀ ਸੇਵਾਵਾਂ ਗਰੁੱਪ ਏ, ਬੀ, ਸੀ ਅਤੇ ਡੀ ਵਿਚ ਪੱਦ-ਉਨਤੀਆਂ ਕਰਨ ਸਮੇਂ 3% ਰਾਖਵਾਂਕਰਨ ਦੇਣ ਲਈ ਪੰਜਾਬ ਸਰਕਾਰ, ਸਮਾਜਿਕ ਸੁੱਰਖਿਆ ਇਸਤਰੀ ਅਤੇ ਬਾਲ ਵਿਕਾਸ ਵਿਭਾਗ, ਪੰਜਾਬ ਵੱਲੋਂ ਜਾਰੀ ਪੱਤਰ ਨੰ: 7/29/2010-7ਸਸ/566 ਮਿਤੀ 5.7.2011 (**ਅੰਤਿਕਾ** ਅਨੁਸਾਰ) ਇਸ ਯੂਨੀਵਰਸਿਟੀ ਵਿਖੇ ਕਰਮਚਾਰੀਆਂ ਲਈ ਅਪਣਾਉਣ ਦੀ ਪਰਵਾਨਗੀ ਦਿੱਤੀ ਜਾਂਦੀ ਹੈ।

ਚਾਰ ਨਵੇਂ ਸਥਾਪਤ ਕਾਨਸਟੀਚੂਐਂਟ ਕਾਲਜਾਂ ਵਿਖੇ ਬੈਂਕ ਅਕਾਊਂਟ ਓਪਰੇਟ ਕਰਨ ਲਈ ਚੈਕਾਂ ਤੇ ਹਸਤਾਖਰ ਕਰਨ ਦੀ ਪਰਵਾਨਗੀ।

21. ਵਾਈਸ-ਚਾਂਸਲਰ ਸਾਹਿਬ ਦੀ ਸਿਫਾਰਸ਼ ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਯੂਨੀਵਰਸਿਟੀ ਕੈਲੰਡਰ 2007, ਜਿਲਦ ਪਹਿਲੀ ਦੇ ਪੰਨਾ 127 ਤੇ ਦਰਜ ਸਟੈਚਿਊਟ 14 ਅਨੁਸਾਰ ਚਾਰ ਨਵੇਂ ਸਥਾਪਤ ਕਾਨਸਟੀਚੂਐਂਟ ਕਾਲਜਾਂ ਵਿਖੇ ਬੈਂਕ ਅਕਾਊਂਟ ਓਪਰੇਟ ਕਰਨ ਲਈ ਹੇਠ ਲਿਖੇ ਅਨੁਸਾਰ ਪ੍ਰਿੰਸੀਪਲ ਸਾਹਿਬਾਨ ਨੂੰ ਉਨ੍ਹਾਂ ਸਾਹਮਣੇ ਦਰਸਾਏ ਅਨੁਸਾਰ ਕਾਲਜਾਂ ਦੇ ਚੈਕਾਂ ਤੇ ਹਸਤਾਖਰ ਕਰਨ ਦੀ ਪਰਵਾਨਗੀ ਦਿੱਤੀ ਜਾਂਦੀ ਹੈ:-

| | |
|---|---|
| 1. ਡਾ. ਮਹਿਲ ਸਿੰਘ | ਪ੍ਰਿੰਸੀਪਲ, ਗੁਰੂ ਨਾਨਕ ਦੇਵ ਯੂਨੀਵਰਸਿਟੀ ਕਾਲਜ, ਵੇਰਕਾ। |

| | |
|---|---|
| 2. ਡਾ. ਮੋਹਨਜੀਤ ਨਾਗਪਾਲ ਸੇਠੀ | ਪ੍ਰਿੰਸੀਪਲ, ਗੁਰੂ ਨਾਨਕ ਦੇਵ ਯੂਨੀਵਰਸਿਟੀ ਕਾਲਜ, ਚੁੰਘ। |
| 3. ਡਾ. ਦਲਜੀਤ ਸਿੰਘ | ਪ੍ਰਿੰਸੀਪਲ, ਬੇਬੇ ਨਾਨਕੀ ਯੂਨੀਵਰਸਿਟੀ ਕਾਲਜ, ਮਿਠੱੜਾ। |
| 4. ਡਾ. ਬਰਿੰਦਰ ਕੌਰ | ਪ੍ਰਿੰਸੀਪਲ, ਗੁਰੂ ਨਾਨਕ ਦੇਵ ਯੂਨੀਵਰਸਿਟੀ ਕਾਲਜ, ਨਰੋਟ ਜੈਮਲ ਸਿੰਘ। |

**ਵਾਪਸ ਲਈ ਗਈ ਮੱਦ।**

22. ਹੇਠ ਲਿਖੀ ਮੱਦ ਵਾਪਸ (withdraw) ਲਈ ਗਈ:-

"ਅਕਾਦਮਿਕ ਕੌਂਸਲ ਦੀ ਇੱਕਤਰਤਾ ਮਿਤੀ 11.10.2010 ਦੇ ਪੈਰਾ 'Z' ਰਾਹੀਂ ਮਿਲੇ ਅਧਿਕਾਰਾਂ ਅਧੀਨ ਵਾਈਸ-ਚਾਂਸਲਰ ਸਾਹਿਬ ਦੀ ਸਿਫਾਰਸ਼ ਤੇ ਵਿਚਾਰ ਕਰਨੀ ਕਿ –

(ੳ) ਪਾਠ ਸਿੱਖਿਆ ਬੋਰਡ ਦੇ ਚੇਅਰਮੈਨ ਅਤੇ ਡੀਨ, ਫੈਕਲਟੀ (ਸਪੋਰਟਸ ਮੈਡੀਸਨ ਅਤੇ ਫਿਜ਼ੀਓਥਰਾਪੀ) ਦੇ ਸੁਝਾਅ ਅਨੁਸਾਰ ਸੈਸ਼ਨ 2011-12 ਤੋਂ ਐਮ.ਡੀ. (ਸਪੋਰਟਸ ਮੈਡੀਸਨ) ਦੇ ਅਧਿਆਦੇਸ਼ਾਂ ਵਿਚ **ਅੰਤਿਕਾ** ਅਨੁਸਾਰ ਸੋਧ ਕੀਤੀ ਜਾਵੇ।

(ਅ) ਸਬੰਧਤ ਪਾਠ ਸਿੱਖਿਆ ਬੋਰਡ ਦੇ ਚੇਅਰਮੈਨ ਅਤੇ ਡੀਨ, ਫੈਕਲਟੀ ਦੇ ਸੁਝਾਅ ਅਨੁਸਾਰ ਸੈਸ਼ਨ 2011-12 ਤੋਂ Master in Tourism Management ਦੇ ਅਧਿਆਦੇਸ਼ **ਅੰਤਿਕਾ** ਅਨੁਸਾਰ ਪਰਵਾਨ ਕੀਤੇ ਜਾਣ।

(ੲ) ਸਬੰਧਤ ਪਾਠ ਸਿੱਖਿਆ ਬੋਰਡ ਦੇ ਚੇਅਰਪਰਸਨ ਅਤੇ ਡੀਨ, ਫੈਕਲਟੀ ਦੇ ਸੁਝਾਅ ਅਨੁਸਾਰ ਸੈਸ਼ਨ 2011-12 ਤੋਂ PGDCA (Teacher Education) ਦੇ ਅਧਿਆਦੇਸ਼ ਵਿਚ ਹੇਠ ਲਿਖੇ ਅਨੁਸਾਰ ਸੋਧ ਕੀਤੀ ਜਾਵੇ:-

1. ਥਿਊਰੀ ਅਤੇ ਪ੍ਰੈਕਟੀਕਲ ਵਿਚੋਂ 35% ਅਤੇ ਪ੍ਰੋਜੈਕਟ ਰਿਪੋਰਟ ਵਿਚੋਂ 50% ਅੰਕ ਪਾਸ ਹੋਣ ਲਈ ਜਰੂਰੀ ਹਨ।
2. ਪ੍ਰੋਜੈਕਟ ਰਿਪੋਰਟ ਹਰ ਸਾਲ ਲਿਖਤੀ ਪ੍ਰੀਖਿਆ ਤੋਂ ਇਕ ਮਹੀਨਾ ਤੱਕ ਭੇਜੀ ਜਾਵੇ।
3. ਪ੍ਰੋਜੈਕਟ ਰਿਪੋਰਟ ਦਾ ਮੁਲਾਂਕਣ ਕਰਨ ਲਈ ਬਾਹਰੀ ਪ੍ਰੀਖਿਅਕ ਦੀ ਨਿਯੁਕਤੀ ਕੀਤੀ ਜਾਵੇ।

(ਸ) ਸਬੰਧਤ ਪਾਠ ਸਿੱਖਿਆ ਬੋਰਡ ਦੇ ਚੇਅਰਮੈਨ ਅਤੇ ਡੀਨ, ਫੈਕਲਟੀ ਦੇ ਸੁਝਾਅ ਅਨੁਸਾਰ ਸੈਸ਼ਨ 2011-12 ਤੋਂ ਐਮ.ਐਸ.ਸੀ.(ਇੰਟਰਨੈਟ ਸਟੱਡੀਜ਼) ਦੇ ਅਧਿਆਦੇਸ਼ **ਅੰਤਿਕਾ** ਅਨੁਸਾਰ ਪਰਵਾਨ ਕੀਤੇ ਜਾਣ।"

Post Graduate Diploma In Export Management **ਦੀ ਪ੍ਰੋਜੈਕਟ ਰਿਪੋਰਟ ਦਾ ਮੁਲਾਂਕਣ ਅਤੇ ਪਾਸ ਹੋਣ ਦੀ ਵਿਵਸਥਾ ਸਬੰਧੀ।**

23. ਵਾਈਸ-ਚਾਂਸਲਰ ਸਾਹਿਬ ਦੀ ਸਿਫਾਰਸ਼ ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਬੰਧਤ ਫੈਕਲਟੀ ਦੇ ਚੇਅਰਮੈਨ ਅਤੇ ਡੀਨ, ਫੈਕਲਟੀ ਦੇ ਸੁਝਾਅ ਅਨੁਸਾਰ ਸੈਸ਼ਨ 2010-11 ਤੋਂ Post-Graduate Diploma in Export Management ਦੇ ਪ੍ਰੋਜੈਕਟ ਰਿਪੋਰਟ ਦਾ ਮੁਲਾਂਕਣ ਕਰਨ ਅਤੇ 35% ਅੰਕ ਪਾਸ ਹੋਣ ਦੀ ਵਿਵਸਥਾ ਕਰਨ ਦੀ ਪਰਵਾਨਗੀ ਦਿੱਤੀ ਜਾਂਦੀ ਹੈ ਅਤੇ ਮਾਮਲਾ ਰੈਗੂਲੇਸ਼ਨਜ਼ ਕਮੇਟੀ ਵਿਚ ਭੇਜ ਦਿੱਤਾ ਜਾਵੇ।

**ਬੀ.ਏ.ਐਲ.ਐਲ.ਬੀ. (ਆਨਰਜ਼) ਕੋਰਸ ਦੇ ਅਧਿਆਦੇਸ਼ ਵਿਚ ਸੋਧ ਦੀ ਪੁਸ਼ਟੀ।**

24. ਵਾਈਸ-ਚਾਂਸਲਰ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕਰਨ ਤੇ ਵਿਚਾਰ ਹੋਈ ਜਿਸ ਰਾਹੀਂ ਉਨ੍ਹਾਂ ਨੇ ਬੋਰਡ ਆਫ ਕੰਟਰੋਲ ਇਨ ਲਾਅ ਅਤੇ ਮੁਖੀ ਵਿਭਾਗ ਦੀ ਸਿਫਾਰਸ਼ ਨੂੰ ਮੁੱਖ ਰੱਖਦਿਆਂ ਸੈਸ਼ਨ 2010-11 ਤੋਂ ਬੀ.ਏ.ਐਲ.ਐਲ.ਬੀ. (ਆਨਰਜ਼) ਕੋਰਸ ਵਿਚ ਵਿਦਿਆਰਥੀਆਂ ਦੀ odd ਸਮੈਸਟਰ ਵਿਚ ਪ੍ਰਮੋਸ਼ਨ ਸਬੰਧੀ ਯੂਨੀਵਰਸਿਟੀ ਕੈਲੰਡਰ 2008, ਜਿਲਦ ਤੀਜੀ ਦੇ ਪੰਨਾ 163 ਉੱਤੇ ਦਰਜ ਅਧਿਆਦੇਸ਼ 6 ਵਿਚ ਹੇਠ ਲਿਖੇ ਅਨੁਸਾਰ ਸੋਧ ਕਰਨ ਦੀ ਪਰਵਾਨਗੀ ਦਿੱਤੀ ਹੈ:-

> "that the conditions of promotion to the odd semesters may be enhanced to 9 papers out of 12 papers of each year of the course w.e.f. for the session 2010-11."

**ਪਾਸ ਹੋਇਆ** ਕਿ ਵਾਈਸ-ਚਾਂਸਲਰ ਸਾਹਿਬ ਦੇ ਉਕਤ ਆਦੇਸ਼ਾਂ ਦੀ ਪੁਸ਼ਟੀ ਹੇਠ ਲਿਖੀ ਸੋਧ ਅਨੁਸਾਰ ਕੀਤੀ ਜਾਂਦੀ ਹੈ।ਸੋਧ ਹਿਤ ਮਾਮਲਾ ਰੈਗੂਲੇਸ਼ਨਜ਼ ਕਮੇਟੀ ਵਿਚ ਭੇਜ ਦਿੱਤਾ ਜਾਵੇ:-

> "that the conditions of promotion to the odd semesters may be enhanced to 9 papers out of 12 papers of each year of the course only for the session 2010-11."

**ਟੈਕਨੀਕਲ ਅਮਲੇ ਦੇ ਮਾਣ-ਭੱਤੇ ਵਿਚ ਵਾਧਾ।**

25. ਕੈਂਪਸ ਸਪੋਰਟਸ ਕਮੇਟੀ ਦੀ ਇੱਕਤਰਤਾ ਮਿਤੀ 26.7.2011 ਦੀ ਮੱਦ ਨੰ:3 ਅਧੀਨ ਕੀਤੀ ਸਿਫਾਰਸ਼ ਨੂੰ ਮੁੱਖ ਰੱਖਦਿਆਂ ਵਾਈਸ-ਚਾਂਸਲਰ ਸਾਹਿਬ ਦੀ ਸਿਫਾਰਸ਼ ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਟੈਕਨੀਕਲ ਅਮਲੇ ਨੂੰ ਦਿੱਤਾ ਜਾ ਰਿਹਾ ਮਾਣ-ਭੱਤਾ 250/- ਰੁਪਏ ਪ੍ਰਤੀ ਦਿਨ ਤੋਂ ਵਧਾ ਕੇ 350/- ਰੁਪਏ ਪ੍ਰਤੀ ਦਿਨ ਕੀਤਾ ਜਾਂਦਾ ਹੈ।

**ਯੂਨੀਵਰਸਿਟੀ ਦੇ ਬੀ ਅਤੇ ਸੀ ਕਲਾਸ ਕਰਮਚਾਰੀਆਂ ਨੂੰ ਦਿੱਤੇ ਜਾਣ ਵਾਲੇ Festival Loan ਸਬੰਧੀ ਰੈਗੂਲੇਸ਼ਨਜ਼ ਵਿਚ ਸੋਧ।**

26. ਵਾਈਸ-ਚਾਂਸਲਰ ਸਾਹਿਬ ਦੀ ਸਿਫਾਰਸ਼ ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਪੰਜਾਬ ਸਰਕਾਰ ਦੇ ਪੱਤਰ ਨੰ: ਵਿ:ਵਿ:ਕਰਜਾ-ਭ.ਅ.1/93/2010/11214 ਮਿਤੀ 18.10.2010 (**ਅੰਤਿਕਾ** ਅਨੁਸਾਰ) ਨੂੰ ਮੁੱਖ ਰੱਖਦਿਆਂ ਯੂਨੀਵਰਸਿਟੀ ਦੇ ਬੀ ਅਤੇ ਸੀ ਕਲਾਸ ਕਰਮਚਾਰੀਆਂ ਨੂੰ ਦਿੱਤੇ ਜਾਣ ਵਾਲੇ Festival Loan ਸਬੰਧੀ ਯੂਨੀਵਰਸਿਟੀ ਕੈਲੰਡਰ 2007, ਜਿਲਦ-IV ਦੇ ਪੰਨਾ 261 ਤੇ ਦਰਜ ਰੈਗੂਲੇਸ਼ਨਜ਼ ਵਿਚ ਹੇਠ ਲਿਖੇ ਅਨੁਸਾਰ ਸੋਧ ਕੀਤੀ ਜਾਂਦੀ ਹੈ।ਸੋਧ ਹਿਤ ਮਾਮਲਾ ਰੈਗੂਲੇਸ਼ਨਜ਼ ਕਮੇਟੀ ਵਿਚ ਭੇਜ ਦਿੱਤਾ ਜਾਵੇ:-

| Existing | Proposed |
|---|---|
| 1. The amount of advance will be upto Rs. 500/- to the 'B & C' class regular employees. | 1. The amount of advance will be upto Rs. 4000/- to the 'B & C' class employees. |
| 2. The advance will be recovered in not more than five monthly instalments with in the same financial year. | 2. No Change. |
| 3. The advance should not be granted to temporary staff not likely to continue in service | 3. No Change. |

| | |
|---|---|
| for a period of atleast six months beyond the month in which it is drawn. | |
| 4. The advance is admissible only to those on duty or on privilege leave on full pay at the time, the advance is drawn. | 4. No Change. |
| 5. The advance shall be drawn and disbursed before the festival. | 5. The advance shall be drawn and disbursed once in a year during the month of September. |
| 6. Before the advance is sanctioned to temporary staff, surety from a permanent University employee or any other form of security considered adequate by the sanctioning authority, shall be obtained. | 6. No Change. |

ਯੂਨੀਵਰਸਿਟੀ ਕਰਮਚਾਰੀਆਂ ਨੂੰ ਟਿਊਸ਼ਨ ਫੀਸ ਦੀ ਮੁਆਫੀ ਸਬੰਧੀ।

27. ਵਾਈਸ-ਚਾਂਸਲਰ ਸਾਹਿਬ ਦੀ ਸਿਫ਼ਾਰਸ਼ ‘ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਯੂਨੀਵਰਸਿਟੀ ਕਰਮਚਾਰੀਆਂ ਨੂੰ ਟਿਊਸ਼ਨ ਫ਼ੀਸ ਦੀ ਮੁਆਫੀ ਸਬੰਧੀ ਯੂਨੀਵਰਸਿਟੀ ਕੈਲੰਡਰ 2008, ਜਿਲਦ ਦੂਜੀ, ਪੰਨਾ 66 ਉਤੇ ਅੰਕਿਤ ਅਧਿਆਦੇਸ਼ ਵਿਚ ਹੇਠ ਲਿਖੇ ਅਨੁਸਾਰ ਸੋਧ ਕੀਤੀ ਜਾਂਦੀ ਹੈ। ਇਹ ਸੋਧ ਵਿਦਿਅਕ ਸਾਲ 2010-11 ਤੋਂ ਲਾਗੂ ਹੋਵੇਗੀ। ਸੋਧ ਹਿਤ ਮਾਮਲਾ ਰੈਗੂਲੇਸ਼ਨਜ਼ ਕਮੇਟੀ ਵਿਚ ਭੇਜ ਦਿੱਤਾ ਜਾਵੇ:-

| ਵਰਤਮਾਨ ਅਧਿਆਦੇਸ਼ | ਤਜਵੀਜ਼ਸ਼ੁਦਾ ਅਧਿਆਦੇਸ਼ |
|---|---|
| 1. Confirmed University employees permitted to join evening classes or those who are posted in evening colleges or evening shifts and are permitted to join the University day classes will be exempted from payment of tuition fee…. | 1. Confirmed University employees permitted to join the regular classes and Pre. Ph.D. course work will be exempted 50% payment of tuition fee…. |

ਡਾ. ਪੀ.ਕੇ. ਪਾਤੀ, ਰੀਡਰ ਅਤੇ ਮੁਖੀ, ਬਾਇਓ ਟੈਕਨਾਲੋਜੀ ਵਿਭਾਗ ਨੂੰ ਸਟੱਡੀ ਲੀਵ ਦੀ ਪਰਵਾਨਗੀ।

28. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਟੱਡੀ ਲੀਵ ਕੇਸਾਂ ‘ਤੇ ਵਿਚਾਰ ਹਿਤ ਗਠਿਤ ਐਡਵਾਈਜ਼ਰੀ ਕਮੇਟੀ ਦੀ ਇਕੱਤਰਤਾ ਮਿਤੀ 8.7.2011 ਦੀ ਸਿਫ਼ਾਰਸ਼ (**ਅੰਤਿਕਾ** ਅਨੁਸਾਰ) ਨੂੰ ਮੁੱਖ ਰੱਖਦਿਆਂ ਸਿੰਡੀਕੇਟ ਦੀ ਪਰਵਾਨਗੀ ਦੀ ਆਸ ‘ਤੇ ਵਾਈਸ-ਚਾਂਸਲਰ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਡਾ. ਪੀ.ਕੇ. ਪਾਤੀ, ਰੀਡਰ ਅਤੇ ਮੁਖੀ, ਬਾਇਓ-ਟੈਕਨਾਲੋਜੀ ਵਿਭਾਗ ਨੂੰ ਯੂਨੀਵਰਸਿਟੀ ਨਿਯਮਾਂ ਅਨੁਸਾਰ ਮਿਤੀ 15.8.2011 ਤੋਂ 14.4.2012 ਤੱਕ ਬਿਨ੍ਹਾਂ ਤਨਖਾਹ ਸਟੱਡੀ ਲੀਵ ਦੀ ਪਰਵਾਨਗੀ ਦਿੱਤੀ ਹੈ।

ਡਾ. ਏ.ਜੇ.ਐਸ. ਭੰਵਰ, ਪ੍ਰੋਫੈਸਰ, ਹਿਊਮਨ ਜੈਨੇਟਿਕਸ ਵਿਭਾਗ ਦੀ ਸਬੈਟੀਕਲ ਛੁੱਟੀ ਦੀ ਪਰਵਾਨਗੀ ਦੀ ਪੁਸ਼ਟੀ।

29. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪਰਵਾਨਗੀ ਦੀ ਆਸ ਤੇ ਵਾਈਸ-ਚਾਂਸਲਰ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਡਾ. ਏ.ਜੇ.ਐਸ. ਭੰਵਰ, ਪ੍ਰੋਫੈਸਰ, ਹਿਊਮਨ ਜੈਨੇਟਿਕਸ ਵਿਭਾਗ ਨੂੰ ਯੂਨੀਵਰਸਿਟੀ ਕੈਲੰਡਰ 2007, ਜਿਲਦ ਪਹਿਲੀ ਦੇ ਪੰਨਾ 78 ਉਤੇ ਸਟੈਚਿਊਟ 92 ਅਧੀਨ 'Genetics Susceptibility to Type 2 diabities in various populations groups of North-West India' ਵਾਸਤੇ ਖੋਜ ਹਿਤ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਅਤੇ ਪੀ.ਜੀ.ਆਈ. (ਚੰਡੀਗੜ੍ਹ) ਜਾਣ ਲਈ ਮਿਤੀ 1.8.2011 ਤੋਂ 31.3.2012 ਤੱਕ ਸਬੈਟੀਕਲ ਛੁੱਟੀ ਦੀ ਪਰਵਾਨਗੀ ਦਿੱਤੀ ਹੈ।

ਡਾ. ਕੁਲਦੀਪ ਸਿੰਘ, ਪ੍ਰੋਫੈਸਰ ਅਤੇ ਮੁਖੀ, ਪੋਲੀਟੀਕਲ ਸਾਇੰਸ ਵਿਭਾਗ ਨੂੰ ਬਿਨ੍ਹਾਂ ਤਨਖਾਹ ਸਬੈਟੀਕਲ ਛੁੱਟੀ ਦੀ ਪੁਸ਼ਟੀ।

30. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪਰਵਾਨਗੀ ਦੀ ਆਸ ਤੇ ਵਾਈਸ-ਚਾਂਸਲਰ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਡਾ. ਕੁਲਦੀਪ ਸਿੰਘ, ਪ੍ਰੋਫੈਸਰ ਅਤੇ ਮੁਖੀ, ਪੋਲੀਟੀਕਲ ਸਾਇੰਸ ਵਿਭਾਗ ਨੂੰ ਯੂਨੀਵਰਸਿਟੀ ਕੈਲੰਡਰ 2007, ਜਿਲਦ ਪਹਿਲੀ ਦੇ ਪੰਨਾ 78 ਉਤੇ ਸਟੈਚਿਊਟ 92 ਅਧੀਨ ICCR's Chair at Getulo Vargas Foundation (FGV), Rio de Janeiro, Brazil ਵਿਖੇ Visiting Professor ਵਜੋਂ ਜਾਇਨ ਕਰਨ ਹਿਤ ਮਿਤੀ 1.1.2012 ਤੋਂ 30.6.2012 ਤੱਕ ਬਿਨ੍ਹਾਂ ਤਨਖਾਹ ਸਬੈਟੀਕਲ ਛੁੱਟੀ ਦੀ ਪਰਵਾਨਗੀ ਦਿੱਤੀ ਹੈ।

ਡਾ. ਪ੍ਰਭਜੀਤ ਸਿੰਘ, ਪ੍ਰੋਫੈਸਰ, ਬਾਇਓ-ਟੈਕਨਾਲੋਜੀ ਵਿਭਾਗ ਨੂੰ ਬਿਨ੍ਹਾਂ ਤਨਖਾਹ ਅਸਧਾਰਣ ਛੁੱਟੀ ਪਰਦਾਨ ਕਰਨ ਦੀ ਪੁਸ਼ਟੀ।

31. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪਰਵਾਨਗੀ ਦੀ ਆਸ ਤੇ ਵਾਈਸ-ਚਾਂਸਲਰ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਡਾ. ਪ੍ਰਭਜੀਤ ਸਿੰਘ, ਪ੍ਰੋਫੈਸਰ, ਬਾਇਓ-ਟੈਕਨਾਲੋਜੀ ਵਿਭਾਗ ਨੂੰ ਡੀ.ਬੀ.ਟੀ. ਵੱਲੋਂ ਪਰਵਾਨਤ CREST (Cutting-edge Research Enhancement and Scientific Training) ਅਵਾਰਡ ਵਾਸਤੇ Queen's University, Kingston, Ontario, Canada ਵਿਖੇ ਜਾਣ ਲਈ ਮਿਤੀ 25.11.2011 ਤੋਂ 1.12.2012 ਤੱਕ ਪਹਿਲਾਂ ਪਰਵਾਨ ਕੀਤੀ ਗਈ ਛੁੱਟੀ ਦੀ ਬਜਾਏ ਮਿਤੀ 19.3.2012 ਤੋਂ 22.3.2013 ਤੱਕ ਬਿਨ੍ਹਾਂ ਤਨਖਾਹ ਅਸਾਧਰਣ ਛੁੱਟੀ ਪਰਦਾਨ ਕੀਤੀ ਹੈ।

ਯੂਨੀਵਰਸਿਟੀ ਹੋਲੀ-ਡੇ ਹੋਮਜ਼, ਡਲਹੌਜ਼ੀ ਦੇ ਰਿਜ਼ਰਵੇਸ਼ਨ ਬਾਰੇ ਨਿਯਮਾਂ ਵਿਚ ਸੋਧ।

32. ਵਿਚਾਰ ਉਪਰੰਤ

**ਪਾਸ ਹੋਇਆ** ਕਿ ਯੂਨੀਵਰਸਿਟੀ ਹੋਲੀ-ਡੇ ਹੋਮਜ਼, ਡਲਹੌਜ਼ੀ ਦੇ ਰਿਜ਼ਰਵੇਸ਼ਨ ਬਾਰੇ ਨਿਯਮਾਂ ਵਿਚ ਸੋਧ ਹਿਤ ਵਾਈਸ-ਚਾਂਸਲਰ ਸਾਹਿਬ ਦੀ ਪਰਧਾਨਗੀ ਹੇਠ ਕਮੇਟੀ ਦੀ ਇਕੱਤਰਤਾ ਮਿਤੀ 27.7.2011 ਦੀਆਂ ਸਿਫ਼ਾਰਸ਼ਾਂ (**ਅੰਤਿਕਾ** ਅਨੁਸਾਰ) ਪਰਵਾਨ ਕੀਤੀਆਂ ਜਾਂਦੀਆਂ ਹਨ। ਸੋਧ ਹਿਤ ਮਾਮਲਾ ਰੈਗੂਲੇਸ਼ਨਜ਼ ਕਮੇਟੀ ਵਿਚ ਭੇਜ ਦਿੱਤਾ ਜਾਵੇ।

**ਸ. ਮੋਹਨ ਸਿੰਘ, ਨਿਗਰਾਨ (ਕੰਪਲਸਰੀ ਰਿਟਾਇਰਡ) ਨੂੰ 2/3 ਹਿੱਸਾ ਪੈਨਸ਼ਨ ਅਤੇ ਗ੍ਰੈਚੂਟੀ ਦੀ ਅਦਾਇਗੀ ਦੀ ਪੁਸ਼ਟੀ।**

33. ਸ. ਮੋਹਨ ਸਿੰਘ, ਨਿਗਰਾਨ ਜਿਸ ਨੂੰ ਸ਼ਰਾਬ ਪੀ ਕੇ ਦਫਤਰ ਆਉਣ ਦੇ ਦੋਸ਼ ਦੀ ਪੜਤਾਲ ਉਪਰੰਤ ਸਿੰਡੀਕੇਟ ਦੀ ਇਕੱਤਰਤਾ ਮਿਤੀ 11.6.2007 ਦੇ ਪੈਰਾ ਨੰ: 32 ਰਾਹੀਂ ਨੌਕਰੀ ਤੋਂ ਬਰਖਾਸਤ(dismiss) ਕੀਤਾ ਗਿਆ ਸੀ, ਬਾਰੇ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਨਿਰਣੇ ਨੂੰ ਮੁੱਖ ਰੱਖਦਿਆਂ, ਸਿੰਡੀਕੇਟ ਦੀ ਇਕੱਤਰਤਾ ਮਿਤੀ 9.3.2008 ਦੇ ਪੈਰਾ ਨੰ: 11 ਰਾਹੀਂ ਲਏ ਫੈਸਲੇ ਅਨੁਸਾਰ ਉਕਤ ਕਰਮਚਾਰੀ ਨੂੰ ਬਰਖਾਸਤ ਕਰਨ ਦੇ ਨਿਰਣੇ ਵਿਚ ਸੋਧ ਕਰਕੇ ਯੂਨੀਵਰਸਿਟੀ ਸੇਵਾ ਤੋਂ ਕੰਪਲਸਰੀ ਰਿਟਾਇਰ ਕਰਨ ਦੀ ਪਰਵਾਨਗੀ ਦਿੱਤੀ ਗਈ ਸੀ, ਸਬੰਧੀ ਵਾਈਸ-ਚਾਂਸਲਰ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕਰਨ ਤੇ ਵਿਚਾਰ ਹੋਈ ਜਿਸ ਰਾਹੀਂ ਉਨ੍ਹਾਂ ਨੇ ਸ. ਮੋਹਨ ਸਿੰਘ, ਨਿਗਰਾਨ(ਕੰਪਲਸਰੀ ਰਿਟਾਇਰਡ) ਨੂੰ ਬਣਦੀ ਪੈਨਸ਼ਨ ਅਤੇ ਗ੍ਰੈਚੂਟੀ ਵਿਚੋਂ ਘੱਟੋਂ-ਘੱਟ 2/3 ਹਿੱਸਾ ਅਦਾਇਗੀ ਕਰਨ ਦੀ ਆਗਿਆ ਦਿੱਤੀ ਹੈ।

**ਪਾਸ ਹੋਇਆ** ਕਿ ਸ. ਮੋਹਨ ਸਿੰਘ, ਨਿਗਰਾਨ ਜਿਸ ਨੂੰ ਸ਼ਰਾਬ ਪੀ ਕੇ ਦਫਤਰ ਆਉਣ ਦੇ ਦੋਸ਼ ਦੀ ਪੜਤਾਲ ਉਪਰੰਤ ਸਿੰਡੀਕੇਟ ਦੀ ਇਕੱਤਰਤਾ ਮਿਤੀ 11.6.2007 ਦੇ ਪੈਰਾ ਨੰ: 32 ਰਾਹੀਂ ਨੌਕਰੀ ਤੋਂ ਬਰਖਾਸਤ(dismiss) ਕੀਤਾ ਗਿਆ ਸੀ, ਬਾਰੇ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਨਿਰਣੇ ਨੂੰ ਮੁੱਖ ਰੱਖਦਿਆਂ, ਸਿੰਡੀਕੇਟ ਦੀ ਇਕੱਤਰਤਾ ਮਿਤੀ 9.3.2008 ਦੇ ਪੈਰਾ ਨੰ: 11 ਰਾਹੀਂ ਲਏ ਫੈਸਲੇ ਅਨੁਸਾਰ ਉਕਤ ਕਰਮਚਾਰੀ ਨੂੰ ਬਰਖਾਸਤ ਕਰਨ ਦੇ ਨਿਰਣੇ ਵਿਚ ਸੋਧ ਕਰਕੇ ਯੂਨੀਵਰਸਿਟੀ ਸੇਵਾ ਤੋਂ ਕੰਪਲਸਰੀ ਰਿਟਾਇਰ ਕਰਨ ਦੀ ਪਰਵਾਨਗੀ ਦਿੱਤੀ ਗਈ ਸੀ, ਸਬੰਧੀ ਵਾਈਸ-ਚਾਂਸਲਰ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਸ. ਮੋਹਨ ਸਿੰਘ, ਨਿਗਰਾਨ(ਕੰਪਲਸਰੀ ਰਿਟਾਇਰਡ) ਨੂੰ ਬਣਦੀ ਪੈਨਸ਼ਨ ਅਤੇ ਗ੍ਰੈਚੂਟੀ ਵਿਚੋਂ ਘੱਟੋਂ-ਘੱਟ 2/3 ਹਿੱਸਾ ਅਦਾਇਗੀ ਕਰਨ ਦੀ ਆਗਿਆ ਦਿੱਤੀ ਹੈ।

**ਕਾਮਰਸ ਅਤੇ ਬਿਜ਼ਨੈਸ ਮੈਨੇਜਮੈਂਟ ਵਿਭਾਗ ਦੇ ਕੰਪਿਊਟਰਜ਼, ਪ੍ਰਿੰਟਰਜ਼ ਅਤੇ CVTs/UPS ਵੱਟੇ-ਖਾਤੇ ਪਾਉਣ ਸਬੰਧੀ ਕਮੇਟੀ ਦੀਆਂ ਸਿਫ਼ਾਰਸ਼ਾਂ ਦੀ ਪਰਵਾਨਗੀ।**

34. ਵਿਚਾਰ ਉਪਰੰਤ

**ਪਾਸ ਹੋਇਆ** ਕਿ ਕਾਮਰਸ ਅਤੇ ਬਿਜਨੈਸ ਮੈਨੇਜਮੈਂਟ ਵਿਭਾਗ ਵਿਖੇ ਵੱਖ-ਵੱਖ ਸਮੇਂ ਖ੍ਰੀਦੇ 674549/- ਰੁਪਏ ਕੀਮਤ ਦੇ ਕੰਪਿਊਟਰਜ਼, ਪ੍ਰਿੰਟਰਜ਼ ਅਤੇ CVTs/UPS, ਜੋ ਬਹੁਤ ਪੁਰਾਣੇ, ਅਤੇ ਨਾ-ਮੁਰੰਮਤਯੋਗ ਹੋਣ ਕਰਕੇ ਵਰਤੋਯੋਗ ਨਹੀਂ ਹਨ, ਨੂੰ ਯੂਨੀਵਰਸਿਟੀ ਕੈਲੰਡਰ 2007, ਜਿਲਦ ਪਹਿਲੀ ਦੇ ਪੰਨਾ 131-32 ਉਤੇ ਸਟੈਚਿਊਟ 26(b)(5) ਅਧੀਨ ਵੱਟੇ-ਖਾਤੇ ਪਾਉਣ ਲਈ ਵਾਈਸ-ਚਾਂਸਲਰ ਸਾਹਿਬ ਵੱਲੋਂ ਗਠਿਤ ਕਮੇਟੀ ਦੀਆਂ ਮਿਤੀ 22.7.2011 ਦੀਆਂ ਸਿਫਾਰਸ਼ਾਂ (**ਅੰਤਿਕਾ** ਅਨੁਸਾਰ) ਪਰਵਾਨ ਕੀਤੀਆਂ ਜਾਂਦੀਆਂ ਹਨ।

**ਨਾਮਧਾਰੀ ਗੁਰੂ ਰਾਮ ਸਿੰਘ ਚੇਅਰ ਦੀਆਂ ਵਸਤਾਂ ਵੱਟੇ-ਖਾਤੇ ਪਾਉਣ ਲਈ ਕਮੇਟੀ ਦੀਆਂ ਸਿਫ਼ਾਰਸ਼ਾਂ ਦੀ ਪਰਵਾਨਗੀ।**

35. ਵਿਚਾਰ ਉਪਰੰਤ

**ਪਾਸ ਹੋਇਆ** ਕਿ ਨਾਮਧਾਰੀ ਗੁਰੂ ਰਾਮ ਸਿੰਘ ਚੇਅਰ ਵਿਖੇ ਵੱਖ-ਵੱਖ ਸਮੇਂ 1,64000/-ਰੁਪਏ ਕੀਮਤ ਦੀਆਂ ਖ੍ਰੀਦੀਆਂ ਵਸਤਾਂ (ਕੰਪਿਊਟਰ, ਪ੍ਰਿੰਟਰ, ਯੂ.ਪੀ.ਐਸ., ਟਾਈਪ ਰਾਈਟਰ ਅਤੇ ਸਕੈਨਰ-ਕਮ-ਫੋਟੋ-ਕਾਪੀਅਰ) , ਜੋ ਲੰਮੇ ਸਮੇਂ ਦੀ ਵਰਤੋਂ ਉਪਰੰਤ ਨਕਾਰਾ ਅਤੇ ਨਾ-ਮੁਰੰਮਤਯੋਗ ਹੋ ਚੁੱਕੀਆਂ ਹਨ, ਨੂੰ ਵੱਟੇ-ਖਾਤੇ ਪਾਉਣ ਲਈ ਵਾਈਸ-ਚਾਂਸਲਰ ਸਾਹਿਬ ਵੱਲੋਂ ਗਠਿਤ ਕਮੇਟੀ ਦੀਆਂ ਮਿਤੀ 16.8.2011 ਦੀਆਂ ਸਿਫ਼ਾਰਸ਼ਾਂ **ਅੰਤਿਕਾ** ਅਨੁਸਾਰ ਪਰਵਾਨ ਕੀਤੀਆਂ ਜਾਂਦੀਆਂ ਹਨ।

ਵਿਦਿਆਰਥੀਆਂ ਨੂੰ ਉੱਤਰ-ਪੱਤਰੀਆਂ ਦਿਖਾਉਣ ਦੀ ਸੁਵਿਧਾ ਦੀ ਪੁਸ਼ਟੀ।

36. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪਰਵਾਨਗੀ ਦੀ ਆਸ ਤੇ ਵਾਈਸ-ਚਾਂਸਲਰ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਯੂਨੀਵਰਸਿਟੀ ਵੱਲੋਂ ਲਈਆਂ ਜਾਣ ਵਾਲੀਆਂ ਵੱਖ-ਵੱਖ ਪ੍ਰੀਖਿਆਵਾਂ ਦਾ ਨਤੀਜਾ ਨਿਕਲਣ ਦੀ ਮਿਤੀ ਤੋਂ ਤਿੰਨ ਹਫ਼ਤੇ ਦੇ ਅੰਦਰ-ਅੰਦਰ 10,000/- ਰੁਪਏ ਪ੍ਰਤੀ ਉਤਰ-ਪੱਤਰੀ ਦੇ ਹਿਸਾਬ ਨਾਲ ਵਿਦਿਆਰਥੀਆਂ ਨੂੰ ਉਤਰ-ਪੱਤਰੀਆਂ ਦਿਖਾਉਣ ਦੀ ਸੁਵਿਧਾ ਪਰਦਾਨ ਕੀਤੀ ਹੈ।

ਯੁਵਕ ਭਲਾਈ ਸਲਾਹਕਾਰ ਕਮੇਟੀ ਦੀਆਂ ਸਿਫ਼ਾਰਸ਼ਾਂ ਦੀ ਪਰਵਾਨਗੀ।

37. ਵਿਚਾਰ ਉਪਰੰਤ

**ਪਾਸ ਹੋਇਆ** ਕਿ ਯੁਵਕ ਭਲਾਈ ਸਲਾਹਕਾਰ ਕਮੇਟੀ ਦੀਆਂ ਮਿਤੀ 27.7.2011 ਦੀ ਮੱਦ ਨੰ: 1,2 ਅਤੇ 4 ਅਧੀਨ ਕੀਤੀਆਂ ਸਿਫ਼ਾਰਸ਼ਾਂ **ਅੰਤਿਕਾ** ਅਨੁਸਾਰ ਪਰਵਾਨ ਕੀਤੀਆਂ ਜਾਂਦੀਆਂ ਹਨ।

ਇਹ ਵੀ **ਪਾਸ ਹੋਇਆ** ਕਿ ਉਕਤ ਨਿਰਣਾ ਸਪੋਰਟਸ ਵਿਭਾਗ ਤੇ ਵੀ ਲਾਗੂ ਹੋਵੇਗਾ।

ਚਾਰ ਕਾਨਸਟੀਚੂਐਂਟ ਕਾਲਜਾਂ ਨੂੰ ਕੋਰਸ/ਕਲਾਸਾਂ ਸ਼ੁਰੂ ਕਰਨ ਦੀ ਪੁਸ਼ਟੀ।

38. ਵਿਚਾਰ ਉਪਰੰਤ

**ਪਾਸ ਹੋਇਆ** ਕਿ ਵਾਈਸ-ਚਾਂਸਲਰ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਯੂਨੀਵਰਸਿਟੀ ਦੇ ਅਧਿਕਾਰ ਖੇਤਰ ਵਿਚ ਸਥਾਪਤ ਚਾਰ ਕਾਨਸਟੀਚੂਐਂਟ ਕਾਲਜਾਂ- ਬੇਬੇ ਨਾਨਕੀ ਯੂਨੀਵਰਸਿਟੀ ਕਾਲਜ ਮਿੱਠੜਾ, ਕਪੂਰਥਲਾ ਨੂੰ ਸੈਸ਼ਨ 2010-11 ਤੋਂ ਅਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਕਾਲਜ - ਚੁੰਘ, ਤਰਨ-ਤਾਰਨ; ਗੁਰੂ ਨਾਨਕ ਦੇਵ ਯੂਨੀਵਰਸਿਟੀ ਕਾਲਜ ਨਰੋਟ ਜੈਮਲ ਸਿੰਘ, ਗੁਰਦਾਸਪੁਰ; ਅਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਕਾਲਜ ਵੇਰਕਾ, ਅੰਮ੍ਰਿਤਸਰ ਨੂੰ ਸੈਸ਼ਨ 2011-12 ਤੋਂ BA, BCA, BBA, B.Com.(Prof.), B.Com., B.Sc.(Comp Sci.), B.Sc.(Non-Med.), B.Sc.(Eco.), B.Sc.(IT) ਅਤੇ PGDCA ਕੋਰਸ/ਕਲਾਸਾਂ ਸ਼ੁਰੂ ਕਰਨ ਦੀ ਪਰਵਾਨਗੀ ਦਿੱਤੀ ਹੈ।

ਟਰਿੰਨਟੀ ਕਾਲਜ, ਜਲੰਧਰ ਵਿਖੇ ਕਿਸੇ ਵੀ ਰਾਜ ਤੋਂ ਯੋਗ ਪ੍ਰਿੰਸੀਪਲ ਜਾਂ ਉਸ ਰਾਜ ਦੀ ਯੂਨੀਵਰਸਿਟੀ ਦੁਆਰਾ ਅਪਰੂਵਡ ਪ੍ਰਿੰਸੀਪਲ ਨੂੰ ਨਿਯੁਕਤ ਕਰਨ ਦੀ ਪੁਸ਼ਟੀ।

39. ਵਾਈਸ-ਚਾਂਸਲਰ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕਰਨ ਤੇ ਵਿਚਾਰ ਹੋਈ ਜਿਸ ਰਾਹੀਂ ਉਨ੍ਹਾਂ ਨੇ ਟਰਿੰਨਟੀ ਕਾਲਜ, ਚਰਚ ਨਗਰ, ਗੁਰੂ ਗੋਬਿੰਦ ਸਿੰਘ ਐਵੀਨਿਊ, ਚੋਗਿਟੀ , ਜਲੰਧਰ ਨੂੰ ਹਿੰਦੁਸਤਾਨ ਦੇ ਕਿਸੇ ਵੀ ਰਾਜ ਤੋਂ ਯੋਗ ਪ੍ਰਿੰਸੀਪਲ ਜਾਂ ਉਸ ਰਾਜ ਦੀ ਯੂਨੀਵਰਸਿਟੀ ਦੁਆਰਾ ਅਪਰੂਵਡ ਪ੍ਰਿੰਸੀਪਲ ਨੂੰ ਉਕਤ ਕਾਲਜ ਵਿਖੇ ਪ੍ਰਿੰਸੀਪਲ ਵਜੋਂ ਨਿਯੁਕਤ ਕਰਨ ਦੀ ਆਗਿਆ ਦਿੱਤੀ ਹੈ, ਪ੍ਰੰਤੂ ਇਸ ਨੂੰ ਪੂਰਵ ਉਦਾਹਰਣ ਨਹੀਂ ਮੰਨਿਆ ਜਾਵੇਗਾ।

ਹੇਠ ਲਿਖੇ ਨੋਟ ਤੇ ਵੀ ਵਿਚਾਰ ਹੋਈ:-

ਨੋਟ:- ਟਰਿੰਨਟੀ ਕਾਲਜ, ਚਰਚ ਨਗਰ, ਗੁਰੂ ਗੋਬਿੰਦ ਸਿੰਘ ਐਵੀਨਿਊ, ਚੋਗਿਟੀ , ਜਲੰਧਰ ਨੂੰ ਨੈਸ਼ਨਲ ਕਮਿਸ਼ਨ ਫਾਰ ਮਾਨਿਉਰਿਟੀ ਐਜੂਕੇਸ਼ਨਲ ਇੰਸਟੀਚਿਊਸ਼ਨਜ਼, ਭਾਰਤ ਸਰਕਾਰ ਅਤੇ ਪੰਜਾਬ ਸਰਕਾਰ ਵੱਲੋਂ Minority status ਮਿਲ ਚੁੱਕਾ ਹੈ ਜਿਸ ਦੀ ਪਰਵਾਨਗੀ ਸਿੰਡੀਕੇਟ ਦੀ ਇਕੱਤਰਤਾ ਮਿਤੀ 17.10.2008 ਦੇ ਪੈਰਾ 16 ਰਾਹੀਂ ਦਿੱਤੀ ਜਾ ਚੁੱਕੀ ਹੈ। ਇਹ ਦੱਸਿਆ ਜਾਂਦਾ ਹੈ ਕਿ ਇਹ ਕਾਲਜ ਪ੍ਰਿੰਸੀਪਲ ਦੀ ਨਿਯੁਕਤੀ ਕ੍ਰਿਸਚੀਅਨ ਕਮਿਊਨਿਟੀ ਵਿਚੋਂ ਕਰਨਾ ਚਾਹੁੰਦਾ ਹੈ। ਇਸ ਵਕਤ ਕਾਲਜਾਂ ਵਿਖੇ ਪ੍ਰਿੰਸੀਪਲਾਂ ਦੀ

ਨਿਯੁਕਤੀ ਯੂ.ਜੀ.ਸੀ. ਦੇ ਨਵੇਂ ਰੂਲਜ਼ ਮੁਤਾਬਕ ਕੀਤੀ ਜਾਣੀ ਹੈ। ਕਾਲਜ ਨੇ ਬਿਨੈ-ਪੱਤਰ ਦਿੱਤਾ ਹੈ ਕਿ ਉਨ੍ਹਾਂ ਨੂੰ ਯੂ.ਜੀ.ਸੀ. ਦੇ ਨਵੇਂ ਰੂਲਜ਼ ਅਨੁਸਾਰ 400 API Score ਵਾਲਾ ਕੋਈ ਵੀ ਯੋਗ ਉਮੀਦਵਾਰ ਨਹੀਂ ਮਿਲ ਰਿਹਾ ।ਇਨ੍ਹਾਂ ਨੇ ਇਹ ਵੀ ਬੇਨਤੀ ਕੀਤੀ ਹੈ ਕਿ ਕਾਲਜ ਨੂੰ ਪੰਜਾਬ ਵਿਚੋਂ ਕੋਈ ਵੀ ਯੋਗ ਉਮੀਦਵਾਰ ਨਹੀਂ ਮਿਲ ਰਿਹਾ, ਇਸ ਲਈ ਹਿੰਦੁਸਤਾਨ ਦੇ ਕਿਸੇ ਵੀ ਰਾਜ ਤੋਂ ਯੋਗ ਪ੍ਰਿੰਸੀਪਲ ਜਾਂ ਉਸ ਰਾਜ ਦੀ ਯੂਨੀਵਰਸਿਟੀ ਦੁਆਰਾ ਅਪਰੂਵਡ ਪ੍ਰਿੰਸੀਪਲ ਨੂੰ ਕਾਲਜ ਵਿਖੇ ਪ੍ਰਿੰਸੀਪਲ ਲਗਾਉਣ ਦੀ ਆਗਿਆ ਦਿੱਤੀ ਜਾਵੇ।

**ਪਾਸ ਹੋਇਆ** ਕਿ ਵਾਈਸ-ਚਾਂਸਲਰ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਟਰਿੰਨਟੀ ਕਾਲਜ, ਚਰਚ ਨਗਰ, ਗੁਰੂ ਗੋਬਿੰਦ ਸਿੰਘ ਐਵੀਨਿਊ, ਚੋਗਿਟੀ, ਜਲੰਧਰ ਨੂੰ ਹਿੰਦੁਸਤਾਨ ਦੇ ਕਿਸੇ ਵੀ ਰਾਜ ਤੋਂ ਯੋਗ ਪ੍ਰਿੰਸੀਪਲ ਜਾਂ ਉਸ ਰਾਜ ਦੀ ਯੂਨੀਵਰਸਿਟੀ ਦੁਆਰਾ ਅਪਰੂਵਡ ਪ੍ਰਿੰਸੀਪਲ ਨੂੰ ਉਕਤ ਕਾਲਜ ਵਿਖੇ ਪ੍ਰਿੰਸੀਪਲ ਵਜੋਂ ਨਿਯੁਕਤ ਕਰਨ ਦੀ ਆਗਿਆ ਦਿੱਤੀ ਹੈ, ਪ੍ਰੰਤੂ ਇਸ ਨੂੰ ਪੂਰਵ ਉਦਾਹਰਣ ਨਹੀਂ ਮੰਨਿਆ ਜਾਵੇਗਾ।

ਸ੍ਰੀ ਗੁਰੂ ਤੇਗ ਬਹਾਦਰ ਸਰਕਾਰੀ ਕਾਲਜ, ਸਠਿਆਲਾ ਦੇ ਨਾਮ ਦੀ ਆਰਜ਼ੀ ਤੌਰ ਤੇ ਤਬਦੀਲੀ ਦੀ ਪਰਵਾਨਗੀ।

40. ਵਾਈਸ-ਚਾਂਸਲਰ ਸਾਹਿਬ ਦੀ ਸਿਫ਼ਾਰਸ਼ 'ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਗੁਰੂ ਨਾਨਕ ਦੇਵ ਯੂਨੀਵਰਸਿਟੀ ਰਿਜਨਲ ਕੈਂਪਸ, ਸਠਿਆਲਾ ਵਿਖੇ ਚਲ ਰਹੇ ਸ੍ਰੀ ਗੁਰੂ ਤੇਗ ਬਹਾਦਰ ਸਰਕਾਰੀ ਕਾਲਜ, ਸਠਿਆਲਾ ਦਾ ਨਾਮ ਆਰਜ਼ੀ ਤੌਰ 'ਤੇ ਸ੍ਰੀ ਗੁਰੂ ਤੇਗ ਬਹਾਦਰ ਕਾਲਜ, ਸਠਿਆਲਾ ਤਬਦੀਲ ਕਰਨ ਦੀ ਪਰਵਾਨਗੀ ਦਿੱਤੀ ਜਾਂਦੀ ਹੈ ਕਿਉਂ ਜੋ ਇਸ ਕਾਲਜ ਨੂੰ ਯੂ.ਜੀ.ਸੀ. ਦੇ ਰਿਕਾਰਡ ਵਿਚੋਂ ਪੰਜਾਬ ਸਰਕਾਰ ਦੇ ਰਿਕਾਰਡ ਵਿਚ ਇਸੇ ਨਾਮ ਉਤੇ ਚਲਾਉਣ ਦੀ ਤਜ਼ਵੀਜ਼ ਕੀਤੀ ਗਈ ਹੈ ਅਤੇ ਅਜਿਹਾ ਕਰਨਾ ਰਿਟਰਨਾਂ ਭਰਨ ਦੇ ਸਬੰਧ ਵਿਚ ਅਤਿ ਜ਼ਰੂਰੀ ਹੈ।

ਲੇਟ ਫੀਸ ਨਾਲ ਪ੍ਰੋਜੈਕਟ ਰਿਪੋਰਟ ਜਮ੍ਹਾਂ ਕਰਾਉਣ ਦੀ ਪਰਵਾਨਗੀ ਦੀ ਪੁਸ਼ਟੀ।

41. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪਰਵਾਨਗੀ ਦੀ ਆਸ ਤੇ ਵਾਈਸ-ਚਾਂਸਲਰ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਸੈਸ਼ਨ 2008-09 ਦੌਰਾਨ ਏਸ਼ੀਆ ਪੈਸੀਫਿਕ ਇੰਸਟੀਚਿਊਟ ਆਫ ਮੈਨੇਜਮੈਂਟ, ਨਵੀਂ ਦਿੱਲੀ ਵਿਖੇ ਬੀ.ਬੀ.ਏ. ਭਾਗ ਤੀਜਾ ਦੇ ਵਿਦਿਆਰਥੀ - ਅਲੀ ਅਹਿਮਦ ਨੂੰ 5000/- ਰੁਪਏ ਲੇਟ ਫੀਸ ਨਾਲ ਤਿੰਨ ਮਹੀਨੇ ਦੇ ਅੰਦਰ-ਅੰਦਰ ਆਪਣੀ ਪ੍ਰੋਜੈਕਟ ਰਿਪੋਰਟ ਜਮ੍ਹਾਂ ਕਰਾਉਣ ਦੀ ਆਗਿਆ ਦਿੱਤੀ ਹੈ।

ਸਪੋਰਟਸ ਮੈਡੀਸਨ ਅਤੇ ਫਿਜੀਓਥਰਾਪੀ ਵਿਭਾਗ ਵਿਖੇ ਵਿਦਿਆਰਥੀਆਂ ਨੂੰ ਫੀਸ ਰਿਫੰਡ ਕਰਨ ਦੀ ਪੁਸ਼ਟੀ।

42. ਵਿਚਾਰ ਉਪਰੰਤ

**ਪਾਸ ਹੋਇਆ** ਕਿ ਵਾਈਸ-ਚਾਂਸਲਰ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਸਪੋਰਟਸ ਮੈਡੀਸਨ ਅਤੇ ਫਿਜੀਓਥਰਾਪੀ ਵਿਭਾਗ ਵਿਖੇ BPT-I ਦੇ ਹੇਠ ਲਿਖੇ 2 ਵਿਦਿਆਰਥੀ, ਜਿਨ੍ਹਾਂ ਨੇ ਨਤੀਜਾ ਨਿਕਲਣ ਤੋਂ ਪਹਿਲਾਂ BPT-II ਦੀ ਫੀਸ ਜਮ੍ਹਾਂ ਕਰਵਾ ਦਿੱਤੀ, ਪ੍ਰੰਤੂ ਉਹ BPT-I ਵਿਚੋਂ ਫੇਲ ਹੋ ਗਏ, ਨੂੰ BPT-II ਦੀ ਜਮ੍ਹਾਂ ਕਰਵਾਈ ਫੀਸ ਰਿਫੰਡ ਕਰਨ ਦੀ ਆਗਿਆ ਦਿੱਤੀ ਹੈ:-

1. ਕੋਮਲਪ੍ਰੀਤ ਕੌਰ
2. ਰਿਸ਼ੂ ਸ਼ਰਮਾ

ਇਹ ਵੀ **ਪਾਸ ਹੋਇਆ** ਕਿ ਅੱਗੇ ਤੋਂ ਅਜਿਹੇ ਸਾਰੇ ਕੇਸਾਂ ਵਿਚ

ਵਿਦਿਆਰਥੀਆਂ ਵੱਲੋਂ ਜਮਾਂ ਕਰਵਾਈ ਗਈ ਫੀਸ ਰਿਫੰਡ ਜਾਂ ਐਡਜਸਟ ਕਰਨ ਦੀ ਪਰਵਾਨਗੀ ਦਿੱਤੀ ਜਾਂਦੀ ਹੈ ਅਤੇ ਮਾਮਲਾ ਰੈਗੂਲੇਸ਼ਨਜ਼ ਕਮੇਟੀ ਵਿਚ ਭੇਜ ਦਿੱਤਾ ਜਾਵੇ।

ਡਾ. ਬਲਵੰਤ ਸਿੰਘ ਢਿੱਲੋਂ, ਪ੍ਰੋਫੈਸਰ ਦੀ ਸੈਂਟਰ ਆਨ-ਸਟੱਡੀਜ਼ ਇਨ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਖੇ ਡਾਇਰੈਕਟਰ (ਆਫੀਸ਼ੀਏਟਿੰਗ) ਵਜੋਂ ਨਿਯੁਕਤੀ ਦੀ ਪੁਸ਼ਟੀ।

43. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪਰਵਾਨਗੀ ਦੀ ਆਸ ਤੇ ਵਾਈਸ-ਚਾਂਸਲਰ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਡਾ. ਬਲਵੰਤ ਸਿੰਘ ਢਿੱਲੋਂ, ਪ੍ਰੋਫੈਸਰ ਨੂੰ ਹਾਜ਼ਰ ਹੋਣ ਦੀ ਮਿਤੀ ਤੋਂ ਸੈਂਟਰ ਆਨ-ਸਟੱਡੀਜ਼ ਇਨ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਖੇ ਅਗਲੇ ਆਦੇਸ਼ਾਂ ਤੱਕ ਡਾਇਰੈਕਟਰ (ਆਫੀਸ਼ੀਏਟਿੰਗ) ਵਜੋਂ ਨਿਯੁਕਤ ਕੀਤਾ ਹੈ।

ਸ੍ਰੀ ਮੁਖਤਿਆਰ ਸਿੰਘ, ਸੀਨੀਅਰ ਲੈਬ ਟੈਕਨੀਸ਼ੀਅਨ (ਸੇਵਾ-ਮੁਕਤ) ਦੀ ਮੁੜ ਨਿਯੁਕਤੀ ਦੀ ਪੁਸ਼ਟੀ।

44. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪਰਵਾਨਗੀ ਦੀ ਆਸ 'ਤੇ ਵਾਈਸ-ਚਾਂਸਲਰ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਸ੍ਰੀ ਮੁਖਤਿਆਰ ਸਿੰਘ, ਸੀਨੀਅਰ ਲੈਬ ਟੈਕਨੀਸ਼ੀਅਨ(ਸੇਵਾ-ਮੁਕਤ) ਨੂੰ ਯੂਨੀਵਰਸਿਟੀ ਹੈਲਥ ਸੈਂਟਰ ਵਿਖੇ ਮਿਤੀ 2.8.2011 ਤੋਂ 1.2.2012 ਤੱਕ ਛੇ ਮਹੀਨੇ ਲਈ ਜਾਂ ਅਸਾਮੀ ਬਕਾਇਦਾ ਭਰੇ ਜਾਣ ਤੱਕ ਜੋ ਵੀ ਪਹਿਲਾਂ ਹੋਵੇ, ਹਾਜ਼ਰ ਹੋਣ ਦੀ ਮਿਤੀ ਤੋਂ 7900/- ਰੁਪਏ (ਬਿਲਮੁਕਤਾ) ਮਾਸਿਕ ਤਨਖਾਹ ਉਤੇ ਪਹਿਲੀਆਂ ਹੀ ਬਾਨ੍ਹਾਂ ਅਤੇ ਸ਼ਰਤਾਂ 'ਤੇ ਕੰਟ੍ਰੈਕਟ ਅਧਾਰ 'ਤੇ ਮੁੜ ਨਿਯੁਕਤ ਕੀਤਾ ਹੈ।

ਸ੍ਰੀ ਅਮਰਜੀਤ ਸ਼ਰਮਾ ਦੀ ਰਿਜਨਲ ਕੈਂਪਸ, ਸਠਿਆਲਾ ਵਿਖੇ ਆਫਿਸ ਸੁਪਰਡੈਂਟ ਵਜੋਂ ਕੰਟ੍ਰੈਕਟ ਨਿਯੁਕਤੀ ਦੀ ਪੁਸ਼ਟੀ।

45. ਵਿਚਾਰ ਉਪਰੰਤ

**ਪਾਸ ਹੋਇਆ** ਕਿ ਵਾਈਸ-ਚਾਂਸਲਰ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਸ੍ਰੀ ਅਮਰਜੀਤ ਸ਼ਰਮਾ, ਸੀਨੀਅਰ ਸਹਾਇਕ(ਰਿਟਾ.) ਨੂੰ 10,000/- ਰੁਪਏ ਪ੍ਰਤੀ ਮਹੀਨਾ ਬੱਝਵੀ ਤਨਖਾਹ 'ਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਰਿਜਨਲ ਕੈਂਪਸ, ਸਠਿਆਲਾ ਵਿਖੇ ਹਾਜ਼ਰ ਹੋਣ ਦੀ ਮਿਤੀ ਤੋਂ ਇਕ ਸਾਲ ਲਈ ਕੰਟ੍ਰੈਕਟ ਅਧਾਰ 'ਤੇ ਆਫਿਸ ਸੁਪਰਡੈਂਟ ਵਜੋਂ ਨਿਯੁਕਤ ਕੀਤਾ ਹੈ।

ਡਾ. ਐਮ.ਪੀ. ਸਿੰਘ ਈਸ਼ਰ, ਪ੍ਰੋਫੈਸਰ ਦੀ **HPLC Mass Spectrometer (Central Facility)** ਦੇ ਇੰਚਾਰਜ ਵਜੋਂ ਨਿਯੁਕਤੀ ਦੀ ਪੁਸ਼ਟੀ।

46. ਵਿਚਾਰ ਉਪਰੰਤ

**ਪਾਸ ਹੋਇਆ** ਕਿ ਵਾਈਸ-ਚਾਂਸਲਰ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਡਾ. ਐਮ.ਪੀ. ਸਿੰਘ ਈਸ਼ਰ, ਪ੍ਰੋਫੈਸਰ, ਫਾਰਮਾਸਿਊਟੀਕਲ ਸਾਇੰਸਜ਼ ਵਿਭਾਗ ਨੂੰ ਮਿਤੀ 8.9.2011 ਤੋਂ HPLC Mass Spectrometer (Central Facility) ਦੇ ਇੰਚਾਰਜ ਵਜੋਂ ਨਿਯੁਕਤ ਕੀਤਾ ਹੈ। ਇਸ ਦੇ ਨਾਲ ਹੀ ਉਹ Installation and Maintenance ਲਈ ਜ਼ਿੰਮੇਵਾਰ ਹੋਣਗੇ ਅਤੇ ਉਨ੍ਹਾਂ ਵੱਲੋਂ ਇਸ ਸਬੰਧੀ ਸਮੁੱਚੇ ਜ਼ਰੂਰੀ ਕੰਮ ਸਬੰਧਤ ਵਿਭਾਗ ਰਾਹੀਂ ਕੀਤੇ ਜਾਣਗੇ।

ਡਾ. (ਮਿਸਿਜ਼) ਊਸ਼ਾ ਕਪੂਰ ਦੀ ਗੁਰੂ ਨਾਨਕ ਦੇਵ ਯੂਨੀਵਰਸਿਟੀ ਕਾਲਜ, ਜਲੰਧਰ ਦੇ ਇੰਚਾਰਜ ਵਜੋਂ ਨਿਯੁਕਤੀ ਦੀ ਪੁਸ਼ਟੀ।

47. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪਰਵਾਨਗੀ ਦੀ ਆਸ ਤੇ ਵਾਈਸ-ਚਾਂਸਲਰ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਡਾ.(ਮਿਸਿਜ਼) ਊਸ਼ਾ ਕਪੂਰ, ਰੀਡਰ, ਗੁਰੂ ਨਾਨਕ ਦੇਵ ਯੂਨੀਵਰਸਿਟੀ ਕਾਲਜ, ਜਲੰਧਰ ਨੂੰ ਮਿਤੀ 15.9.2011 ਤੋਂ 31.12.2011 ਤੱਕ ਉਕਤ ਕਾਲਜ ਦਾ ਇੰਚਾਰਜ ਨਿਯੁਕਤ ਕੀਤਾ ਹੈ।

**ਸ੍ਰੀ ਅਸ਼ਵਨੀ ਲੂਥਰਾ, ਰੀਡਰ, ਗੁਰੂ ਰਾਮਦਾਸ ਸਕੂਲ ਆਫ ਪਲੈਨਿੰਗ ਨੂੰ ਲੈਕਚਰਾਰ(ਸਲੈਕਸ਼ਨ ਗ੍ਰੇਡ) ਵਜੋਂ ਰਿਵਰਟ ਕਰਨ ਦੀ ਪੁਸ਼ਟੀ।**

48. ਵਿਚਾਰ ਉਪਰੰਤ

**ਪਾਸ ਹੋਇਆ** ਕਿ ਵਾਈਸ-ਚਾਂਸਲਰ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਸ੍ਰੀ ਅਸ਼ਵਨੀ ਲੂਥਰਾ, ਲੈਕਚਰਾਰ(ਸਲੈਕਸ਼ਨ ਗ੍ਰੇਡ), ਗੁਰੂ ਰਾਮਦਾਸ ਸਕੂਲ ਆਫ ਪਲੈਨਿੰਗ ਜਿਸ ਨੂੰ ਸਿੰਡੀਕੇਟ ਦੀ ਇਕੱਤਰਤਾ ਮਿਤੀ 14.8.2006 ਦੇ ਪੈਰਾ 41 ਰਾਹੀਂ ਏ.ਆਈ.ਸੀ.ਟੀ.ਈ. ਦੀ ਕੈਰੀਅਰ ਐਡਵਾਂਸਮੈਂਟ ਸਕੀਮ ਅਧੀਨ ਚੋਣ-ਕਮੇਟੀ ਦੀ ਸਿਫ਼ਾਰਸ਼ ਦੇ ਅਧਾਰ 'ਤੇ ਯੋਗ ਹੋਣ ਦੀ ਮਿਤੀ (15.4.2004) ਤੋਂ 7 ਸਾਲ ਦੇ ਅੰਦਰ-ਅੰਦਰ ਪੀ.ਐਚ.ਡੀ. ਡਿਗਰੀ ਪ੍ਰਾਪਤ ਕਰਨ ਦੀ ਸ਼ਰਤ 'ਤੇ ਰੀਡਰ ਵਜੋਂ ਪ੍ਰਮੋਟ ਕੀਤਾ ਗਿਆ ਸੀ, ਵੱਲੋਂ ਨਿਰਧਾਰਤ ਸਮੇਂ ਦੇ ਅੰਦਰ ਪੀਐਚ.ਡੀ. ਡਿਗਰੀ ਪ੍ਰਾਪਤ ਨਾ ਕਰਨ ਕਰਕੇ ਉਨ੍ਹਾਂ ਨੂੰ ਮਿਤੀ 15.4.2004 ਤੋਂ ਲੈਕਚਰਾਰ(ਸਲੈਕਸ਼ਨ ਗ੍ਰੇਡ) ਦੀ ਅਸਾਮੀ 'ਤੇ ਰਿਵਰਟ ਕੀਤਾ ਹੈ।

**ਸਬੰਧਤ ਉਮੀਦਵਾਰਾਂ ਨੂੰ ਪੀਐਚ.ਡੀ. ਡਿਗਰੀ ਪਰਦਾਨ ਕਰਨ ਦੀ ਪਰਵਾਨਗੀ।**

49. ਵਾਈਸ-ਚਾਂਸਲਰ ਸਾਹਿਬ ਦੀ ਸਿਫਾਰਸ਼ 'ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਹੇਠ ਲਿਖੇ ਉਮੀਦਵਾਰਾਂ ਨੂੰ, ਹਰੇਕ ਅੱਗੇ ਦਰਸਾਏ ਥੀਸਿਸ ਦੇ ਸਿਰਲੇਖ, ਵਿਸ਼ਾ 'ਤੇ ਫ਼ੈਕਲਟੀ ਅਨੁਸਾਰ, ਡਾਕਟਰ ਆਫ਼ ਫਿਲਾਸਫੀ ਦੀ ਡਿਗਰੀ ਪਰਦਾਨ ਕਰਨ ਦੀ ਪਰਵਾਨਗੀ ਦਿੱਤੀ ਜਾਂਦੀ ਹੈ:-

| ਕ੍ਰਮ ਨੰ: | ਨਾਮ | ਥੀਸਿਸ ਦਾ ਸਿਰਲੇਖ | ਵਿਸ਼ਾ ਤੇ ਫੈਕਲਟੀ |
|---|---|---|---|
| 1. | ਅਜੇ ਪਾਲ ਸਿੰਘ ਪੰਨੂ | Synthesis and Crystal Structure Determination of Metal Complexes Containing Acyclic Chelating Ligands having Carboxamide or Thiocarboxamide Functionalities. | ਕੈਮਿਸਟਰੀ- ਸਾਇੰਸਜ਼ ਫੈਕਲਟੀ। |
| 2. | ਕੁਲਜੀਤ ਕੌਰ | A Metrics Based Approach to Evaluate Design of Software Components. | ਕੰਪਿਊਟਰ ਸਾਇੰਸ- ਇੰਜੀਨਿਅਰਿੰਗ ਤੇ ਟੈਕਨਾਲੋਜੀ ਫੈਕਲਟੀ। |
| 3. | ਗੁਰਮੀਤ ਸਿੰਘ | A Survey of Resources and Services of Polytechnic College Libraries of Punjab and Chandigarh | ਲਾਇਬ੍ਰੇਰੀ ਤੇ ਇਨਫਰਮੇਸ਼ਨ ਸਾਇੰਸ- ਆਰਟਸ ਤੇ ਸੋਸ਼ਲ ਸਾਇੰਸਜ਼ ਫ਼ੈਕਲਟੀ। |
| 4. | ਅਨਿਲ ਕੁਮਾਰ | Study of Academic Achievement, Values and Adjustment of Secondary School Students in Relation to working Status of Mothers. | ਐਜੂਕੇਸ਼ਨ- ਐਜੂਕੇਸ਼ਨ ਫ਼ੈਕਲਟੀ। |
| 5. | ਰਣਦੀਪ ਪੰਨੂ | A Study of Academic Achievement in Relation to Cognitive Styles, Personality Traits and Adjustment of Adolescents. | -ਉਹੀ - |
| 6. | ਸੁਰਜੀਤ ਸਿੰਘ | Relationship of Anxiety and Emotional and Social Maturity with Actualization of General Mental Ability of High School Students. | -ਉਹੀ - |

| | | |
|---|---|---|
| 7. ਸ਼ਰਮਾ ਮੀਨਾ ਕੁਮਾਰੀ | Vocational Maturity in relation to Self-Concept, Occupational Aspiration. Family Environment and Academic Achievement of Senoir Secondary School. | -ਉਹੀ - |
| 8. ਗੁਰਿੰਦਰ ਕੌਰ | Job Satisfaction of College Teacher of Punjab with Respect to their Personal, Professional and Organizational Characteristics. | -ਉਹੀ - |
| 9. ਚਿਰਾਗ ਗੋਡਾ | Studies on Modern Drug Delivery Formulations of Potential anti-cancer Herbal Products. | ਫਾਰਮਾਸਿਊਟੀਕਲ ਸਾਇੰਸਜ਼-ਅਪਲਾਈਡ ਸਾਇੰਸਜ਼ ਫ਼ੈਕਲਟੀ। |
| 10. Simon Kalladayil | Christians in the Socio-Political Development of Punjab. | ਪੋਲੀਟੀਕਲ ਸਾਇੰਸ-ਆਰਟਸ ਤੇ ਸੋਸ਼ਲ ਸਾਇੰਸਜ਼ ਫ਼ੈਕਲਟੀ। |
| 11. ਹਰਜੀਤ ਸਿੰਘ | Migrant Labourers and the Working of Punjab Police: A Case Study of Ludhiana City. | -ਉਹੀ - |
| 12. ਸਮਿਤਾ ਸਿਆਲ | Effectiveness of Conginitive Behavioural Therapy in Treating Moderate Depression. | ਸਾਈਕੋਲੋਜੀ-ਆਰਟਸ ਤੇ ਸੋਸ਼ਲ ਸਾਇੰਸਜ਼ ਫ਼ੈਕਲਟੀ। |
| 13. ਰਾਜੇਸ਼ ਕੁਮਾਰ | Studies in the Synthesis and Recognition Behaviour of Thiacalix[4]arene based Receptors | ਕੈਮਿਸਟਰੀ-ਸਾਇੰਸਜ਼ ਫੈਕਲਟੀ। |
| 14. ਪਰਮਿੰਦਰਜੀਤ ਕੌਰ | Transition Metal Derivatives of Pyrimidine-2-Thione and Related Ligands. | - ਉਹੀ - |
| 15. ਕੇਵਲ ਕ੍ਰਿਸ਼ਨ | ਬੂਟਾ ਸਿੰਘ ਸ਼ਾਦ ਦੇ ਨਾਵਲਾਂ ਦਾ ਸਭਿਆਚਾਰਕ ਚਿਹਨ ਵਿਗਿਆਨਕ ਅਧਿਐਨ। | ਪੰਜਾਬੀ - ਲੈਂਗੁਏਜ਼ਿਜ ਫ਼ੈਕਲਟੀ। |
| 16. ਦਲਵਿੰਦਰ ਕੌਰ | Management of Educational Institutions of Shiromani Gurdwara Parbandhak Committee. | ਕਮਰਸ-ਇਕਨਾਮਿਕਸ ਤੇ ਬਿਜਨੈਸ ਫੈਕਲਟੀ। |

**ਵਾਈਸ-ਚਾਂਸਲਰ ਸਾਹਿਬ ਦਾ ਬਿਆਨ।**

50. ਯੂਨੀਵਰਸਿਟੀ ਵਿਖੇ ਚੱਲ ਰਹੀਆਂ ਵੱਖ-ਵੱਖ ਗਤੀਵਿਧੀਆਂ ਬਾਰੇ ਵਾਈਸ-ਚਾਂਸਲਰ ਸਾਹਿਬ ਨੇ ਦਸਿਆ ਕਿ:-

1. ਪੰਜਾਬ ਸਰਕਾਰ ਵੱਲੋਂ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਕੈਂਪਸ ਵਿਖੇ ਲੜਕੀਆਂ ਦੇ ਹੋਸਟਲ ਦੀ ਉਸਾਰੀ ਲਈ 9.00 ਕਰੋੜ ਰੁਪਏ ਅਤੇ ਰਿਜਨਲ ਕੈਂਪਸ, ਸਠਿਆਲਾ ਵਿਖੇ ਹੋਸਟਲ ਦੀ ਉਸਾਰੀ ਲਈ 5.00 ਕਰੋੜ ਰੁਪਏ ਦੀ ਗਰਾਂਟ ਪ੍ਰਾਪਤ ਹੋਈ ਹੈ।

2. ਪਲੇਸਮੈਂਟ ਵਿਭਾਗ ਦੇ ਯਤਨਾਂ ਸਦਕਾ ਬੈਚ-2011 ਦੇ ਕੁੱਲ 701 ਵਿਦਿਆਰਥੀਆਂ ਦੀ ਦੇਸ਼ ਦੀਆਂ ਨੈਸ਼ਨਲ ਅਤੇ ਮਲਟੀ-ਨੈਸ਼ਨਲ ਕੰਪਨੀਆਂ ਵਿਚ ਪਲੇਸਮੈਂਟ ਹੋਈ ਹੈ ਜੋ ਕਿ ਇਕ ਰਿਕਾਰਡ ਹੈ। ਇਸ ਤੋਂ ਇਲਾਵਾ ਹੋਣ ਤੱਕ ਬੈਚ-2012 ਦੇ 428 ਵਿਦਿਆਰਥੀਆਂ ਨੂੰ ਵੱਖ-ਵੱਖ ਕੰਪਨੀਆਂ ਦੁਆਰਾ ਰੋਜਗਾਰ ਦੀ ਪੇਸ਼ਕਸ਼ ਕੀਤੀ ਗਈ ਹੈ।

3. ਭਾਬਾ ਆਟੋਮਿਕ ਰੀਸਰਚ ਸੈਂਟਰ, ਮੁੰਬਈ ਦੇ ਬੋਰਡ ਆਫ ਰਿਸਰਚ ਇਨ ਨਿਊਕਲੀਅਰ ਸਾਇੰਸਜ਼ ਵੱਲੋਂ ਫਿਜਿਕਸ ਵਿਭਾਗ ਦੇ ਪ੍ਰੋਫੈਸਰ ਸੁਰਿੰਦਰ ਸਿੰਘ ਨੂੰ Radon/Thoron and progeny measurements in the dwellings of Himachal and high heat-producing granitic regions of Tosham in Bhiwani district of Haryana ਤੇ ਕੰਮ ਕਰਨ ਲਈ 27 ਲੱਖ ਰੁਪਏ ਦਾ ਤਿੰਨ-ਸਾਲਾ ਖੋਜ ਪ੍ਰੋਜੈਕਟ ਦਿੱਤਾ ਗਿਆ ਹੈ।

4. ਯੂਨੀਵਰਸਿਟੀ ਗਰਾਂਟਸ ਕਮਿਸ਼ਨ ਵੱਲੋਂ ਯੂਨੀਵਰਸਿਟੀ ਦੇ ਪੋਲੀਟੀਕਲ ਸਾਇੰਸ ਵਿਭਾਗ ਨੂੰ Indian Politics with Special reference to State Politics ਵਿਸ਼ੇ ਤੇ ਕੰਮ ਕਰਨ ਲਈ Special Assistance Programme (SAP) ਅਧੀਨ 40.00 ਲੱਖ ਰੁਪਏ ਦੀ ਗਰਾਂਟ ਮਨਜ਼ੂਰ ਕੀਤੀ ਗਈ ਹੈ। ਇਸ ਪ੍ਰੋਜੈਕਟ ਦੇ ਕੋਆਰਡੀਨੇਟਰ, ਪ੍ਰੋਫੈਸਰ ਕੁਲਦੀਪ ਸਿੰਘ ਅਤੇ ਡਿਪਟੀ ਕੋਆਰਡੀਨੇਟਰ, ਪ੍ਰੋਫੈਸਰ ਜਗਰੂਪ ਸਿੰਘ ਹੋਣਗੇ।

5. ਇੰਡੀਅਨ ਕੌਂਸਿਲ ਆਫ ਮੈਡੀਕਲ ਰਿਸਰਚ (ICMR) ਨਵੀਂ ਦਿੱਲੀ ਵੱਲੋਂ ਹਿਊਮਨ ਜੈਨੇਟਿਕਸ ਵਿਭਾਗ ਦੀ ਐਸੋਸੀਏਟ ਪ੍ਰੋਫੈਸਰ ਡਾ. ਗੁਰਸਤੇਜ ਗਾਂਧੀ ਨੂੰ ਮੋਬਾਈਲ ਫੋਨ ਬੇਸ ਸਟੇਸ਼ਨਾਂ ਦੇ ਆਸੇ-ਪਾਸੇ ਦੇ ਖੇਤਰ ਵਿਚ ਰਹਿਣ ਵਾਲੇ ਵਿਅਕਤੀਆਂ ਦੀ ਵੰਸ਼ਕ ਬਹੁਰੂਪਤਾ, ਡੀ.ਐਨ.ਏ. ਨੁਕਸਾਨ ਤੇ ਹੋਰ ਤਣਾਅ ਸਥਿਤੀਆਂ ਬਾਰੇ ਅਧਿਐਨ ਕਰਨ ਲਈ 26.44 ਲੱਖ ਰੁਪਏ ਦਾ ਖੋਜ ਪ੍ਰੋਜੈਕਟ ਦਿੱਤਾ ਗਿਆ ਹੈ।

6. ਯੂਨੀਵਰਸਿਟੀ ਦੇ ਆਲ ਇੰਡੀਆ ਸਰਵਿਸਿਜ਼ ਪ੍ਰੀ-ਐਗਜਾਮੀਨੇਸ਼ਨ ਟ੍ਰੇਨਿੰਗ ਸੈਂਟਰ ਅਤੇ ਸੈਂਟਰ ਆਫ ਪ੍ਰੈਪਰੇਸ਼ਨ ਫਾਰ ਕੰਪੀਟੀਟਿਵ ਐਗਜ਼ਾਮੀਨੇਸ਼ਨ ਤੋਂ ਟ੍ਰੇਨਿੰਗ ਲੈਣ ਉਪਰੰਤ ਦਸੰਬਰ 2010 ਨੂੰ ਯੂ.ਜੀ.ਸੀ. ਨੈੱਟ ਦੀ ਪ੍ਰੀਖਿਆ ਵਿਚ ਯੂਨੀਵਰਸਿਟੀ ਦੇ ਪੰਜ ਵਿਦਿਆਰਥੀਆਂ ਨੇ ਸਫਲਤਾ ਹਾਸਲ ਕੀਤੀ ਹੈ।

7. ਐਸੋਸੀਏਸ਼ਨ ਆਫ ਇੰਡੀਅਨ ਯੂਨੀਵਰਸਿਟੀਜ਼ ਵੱਲੋਂ ਫਿਜ਼ੀਕਲ ਐਜੂਕੇਸ਼ਨ ਵਿਭਾਗ ਦੇ ਡਾਇਰੈਕਟਰ ਸਪੋਰਟਸ ਪ੍ਰੋਫੈਸਰ ਕੰਵਲਜੀਤ ਸਿੰਘ ਨੂੰ National Handball Federations of India ਲਈ ਸਾਲ 2011-12 ਵਾਸਤੇ ਆਪਣਾ ਪ੍ਰਤੀਨਿੱਧ ਨਾਮਜ਼ਦ ਕੀਤਾ ਗਿਆ ਹੈ।

8. ਫੈਕਲਟੀ ਆਫ ਸਪੋਰਟਸ ਮੈਡੀਸਨ ਐਂਡ ਫਿਜ਼ੀਓਥਰਾਪੀ ਦੇ ਡੀਨ, ਪ੍ਰੋਫੈਸਰ ਜਸਪਾਲ ਸਿੰਘ ਸੰਧੂ, ਏਸ਼ੀਅਨ ਫੈਡਰੇਸ਼ਨ ਆਫ ਸਪੋਰਟਸ ਮੈਡੀਸਨ ਦੇ ਜਨਰਲ ਸਕੱਤਰ ਚੁਣੇ ਗਏ ਹਨ। ਇਹ ਪੁਜੀਸ਼ਨ ਪ੍ਰਾਪਤ ਕਰਨ ਵਾਲੇ ਉਹ ਪਹਿਲੇ ਭਾਰਤੀ ਹਨ।

9. ਯੂਨੀਵਰਸਿਟੀ ਦੇ ਫੈਕਲਟੀ ਆਫ ਅਪਲਾਈਡ ਸਾਇੰਸਜ਼ ਦੇ ਡੀਨ, ਪ੍ਰੋਫੈਸਰ ਨਰਪਿੰਦਰ ਸਿੰਘ ਨੂੰ ਇੰਡੀਅਨ ਕੌਂਸਿਲ ਆਫ ਐਗਰੀਕਲਚਰਲ ਰਿਸਰਚ ਵੱਲੋਂ ਸਾਲ 2010 ਦੇ ਰਫੀ ਅਹਿਮਦ ਕਿਦਵਈ ਅਵਾਰਡ ਨਾਲ ਸਨਮਾਨਿਤ ਕੀਤਾ ਗਿਆ ਹੈ। ਉਨ੍ਹਾਂ ਨੂੰ ਇਹ ਅਵਾਰਡ 16 ਜੁਲਾਈ ਨੂੰ ਨਵੀਂ ਦਿੱਲੀ ਵਿਖੇ ਹੋਏ 83ਵੇਂ ਆਈ.ਸੀ.ਏ.ਆਰ. ਸਥਾਪਨਾ ਦਿਵਸ ਸਮਾਰੋਹ ਵਿਚ ਦਿੱਤਾ ਗਿਆ।

10. ਯੂਨੀਵਰਸਿਟੀ ਦੇ ਅਕਾਦਮਿਕ ਸਟਾਫ ਕਾਲਜ ਵੱਲੋਂ ਮਿਤੀ 10.6.2011 ਤੋਂ 7.7.2011 ਤੱਕ ਚਾਰ ਹਫਤਿਆਂ ਦਾ ਜਨਰਲ ਓਰੀਐਂਟੇਸ਼ਨ ਕੋਰਸ ਆਯੋਜਿਤ ਕੀਤਾ ਗਿਆ ਸੀ ਅਤੇ ਇਸ ਤੋਂ ਇਲਾਵਾ ਯੂਨੀਵਰਸਿਟੀ ਅਤੇ ਸਬੰਧਤਾ ਪ੍ਰਾਪਤ ਕਾਲਜਾਂ ਦੇ ਬੀ ਅਤੇ ਸੀ ਕਲਾਸ ਕਰਮਚਾਰੀਆਂ ਲਈ ਮਿਤੀ 13.9.2011 ਤੋਂ 15.9.2011 ਤੱਕ ਤਿੰਨ ਦਿਨਾ ਸ਼ਾਰਟ ਟਰਮ ਕੰਪਿਊਟਰ ਕੋਰਸ ਵੀ ਆਯੋਜਿਤ ਕੀਤਾ ਗਿਆ।

11. ਯੂਨੀਵਰਸਿਟੀ ਦੇ ਯੁਵਕ ਭਲਾਈ ਵਿਭਾਗ ਵੱਲੋਂ ਯੂਨੀਵਰਸਿਟੀ ਸਟੂਡੈਂਟਸ ਹੋਲੀਡੇ ਹੋਮ, ਡਲਹੋਜੀ ਵਿਖੇ 16 ਤੋਂ 22 ਜੂਨ ਤੱਕ ਲੜਕਿਆਂ ਦਾ ਹਾਈਕਿੰਗ ਟਰੈਕਿੰਗ ਕੈਂਪ ਲਗਾਇਆ ਗਿਆ।

12. ਯੂਨੀਵਰਸਿਟੀ ਦੇ ਅਧਿਆਪਨ ਵਿਭਾਗਾਂ ਵਿਚ ਇਸ ਅਕਾਦਮਿਕ ਵਰੇ ਵੀ ਵੱਖ-ਵੱਖ ਕੋਰਸਾਂ ਵਿਚ ਆਨ-ਲਾਈਨ ਦਾਖਲੇ ਕੀਤੇ ਗਏ ਹਨ। ਇਸ ਯੂਨੀਵਰਸਿਟੀ ਤੋਂ ਪੋਸਟ-ਗ੍ਰੈਜੂਏਸ਼ਨ ਕਰਨ ਵਾਲੇ ਰੈਗੂਲਰ ਅਤੇ ਪ੍ਰਾਈਵੇਟ ਵਿਦਿਆਰਥੀਆਂ ਲਈ ਇਸ ਅਕਾਦਮਿਕ ਸੈਸ਼ਨ ਤੋਂ ਸਮੈਸਟਰ ਸਿਸਟਮ ਲਾਗੂ ਕੀਤਾ ਗਿਆ ਹੈ। ਵੱਖ-ਵੱਖ ਕੋਰਸਾਂ ਲਈ ਦਾਖਲਾ ਪ੍ਰੀਖਿਆ ਫਾਰਮ ਯੂਨੀਵਰਸਿਟੀ ਦੀ ਵੈਬਸਾਈਟ ਤੇ ਉਪਲਬਧ ਕਰਵਾਏ ਗਏ ਹਨ। ਇਸ ਤੋਂ ਇਲਾਵਾ ਅੰਡਰ-ਗ੍ਰੈਜੂਏਟ ਕਲਾਸਾਂ ਦੇ ਪ੍ਰੀਖਿਆ ਦਾਖਲੇ ਵੀ ਆਨ-ਲਾਈਨ ਤੇ ਪ੍ਰਾਪਤ ਕੀਤੇ ਜਾ ਰਹੇ ਹਨ।

13. ਯੂਨੀਵਰਸਿਟੀ ਵੱਲੋਂ ਵੱਖ-ਵੱਖ ਪ੍ਰੀਖਿਆਵਾਂ ਦੇ ਨਤੀਜੇ 30 ਜੂਨ ਤੱਕ ਘੋਸ਼ਿਤ ਕਰ ਦਿੱਤੇ ਗਏ ਹਨ। ਇਹ ਨਤੀਜੇ ਪੰਜਾਬ ਦੀਆਂ ਸਾਰੀਆਂ ਯੂਨੀਵਰਸਿਟੀਆਂ ਤੋਂ ਪਹਿਲਾਂ ਘੋਸ਼ਿਤ ਕੀਤੇ ਗਏ।

**ਸਿੰਡੀਕੇਟ ਨੇ ਉਕਤ ਸਬੰਧੀ ਪ੍ਰਸ਼ੰਸਾਂ ਜ਼ਹਿਰ ਕੀਤੀ ਅਤੇ ਯੂਨੀਵਰਸਿਟੀ ਵਿਖੇ ਚੱਲ ਰਹੀਆਂ ਉਕਤ ਵੱਖ-ਵੱਖ ਗਤੀਵਿਧੀਆਂ ਤੇ ਤਸੱਲੀ ਦਾ ਪ੍ਰਗਟਾਵਾ ਕੀਤਾ ਗਿਆ।**

ਸਿੰਡੀਕੇਟ ਦੀ ਅਗਲੀ ਇੱਕਤਰਤਾ ਦੀ ਮਿਤੀ ਨਿਸ਼ਚਿਤ ਕਰਨ ਦੇ ਅਧਿਕਾਰ ਵਾਈਸ-ਚਾਂਸਲਰ ਸਾਹਿਬ ਨੂੰ ਦਿੱਤੇ ਗਏ।

51. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਅਗਲੀ ਇਕੱਤਰਤਾ ਦੀ ਮਿਤੀ ਨਿਸ਼ਚਿਤ ਕਰਨ ਦੇ ਅਧਿਕਾਰ ਵਾਈਸ-ਚਾਂਸਲਰ ਸਾਹਿਬ ਨੂੰ ਦਿੱਤੇ ਜਾਂਦੇ ਹਨ।

ਸ੍ਰੀ ਸਵਰਨ ਸਿੰਘ, ਇਲੈਕਟ੍ਰੀਸ਼ੀਅਨ ਗ੍ਰੇਡ-II ਦੀ ਮੁੜ-ਨਿਯੁਕਤੀ ਦੀ ਪਰਵਾਨਗੀ।

52. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸ੍ਰੀ ਸਵਰਨ ਸਿੰਘ, ਇਲੈਕਟ੍ਰੀਸ਼ੀਅਨ ਗ੍ਰੇਡ-II (ਸੇਵਾ-ਮੁਕਤ), ਉਸਾਰੀ ਵਿਭਾਗ, ਜਿਸ ਦੀ ਕੰਟ੍ਰੈਕਟ ਨਿਯੁਕਤੀ ਦੀ ਮਿਆਦ ਮਿਤੀ 15.8.2011 ਨੂੰ ਖਤਮ ਹੋ ਚੁੱਕੀ ਹੈ, ਨੂੰ ਹਾਜਰ ਹੋਣ ਦੀ ਮਿਤੀ ਤੋਂ ਛੇ ਮਹੀਨੇ ਲਈ 6000/- ਰੁਪਏ ਪ੍ਰਤੀ ਮਹੀਨਾ ਬੱਝਵੀਂ ਤਨਖਾਹ ਤੇ ਪਹਿਲੀਆਂ ਹੀ ਬਾਨ੍ਹਾਂ ਅਤੇ ਸ਼ਰਤਾਂ ਤੇ ਕੰਟ੍ਰੈਕਟ ਆਧਾਰ ਤੇ ਮੁੜ ਨਿਯੁਕਤ ਕੀਤਾ ਜਾਂਦਾ ਹੈ।

ਸੈਸ਼ਨ 2011-12 ਦੌਰਾਨ ਵੱਖ-ਵੱਖ ਕੋਰਸਾਂ ਵਿਚ ਵਿਦਿਆਰਥੀਆਂ ਨੂੰ ਲੇਟ ਫੀਸ ਨਾਲ ਦਾਖਲੇ ਦੀ ਪੁਸ਼ਟੀ।

53. ਵਿਚਾਰ ਉਪਰੰਤ

**ਪਾਸ ਹੋਇਆ** ਕਿ ਵਾਈਸ-ਚਾਂਸਲਰ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਵੱਖ-ਵੱਖ ਯੂਨੀਵਰਸਿਟੀ ਵਿਭਾਗਾਂ/ ਕੈਂਪਸਸ ਵਿਖੇ ਸੈਸ਼ਨ 2011-12 ਦੌਰਾਨ ਵੱਖ-ਵੱਖ ਕੋਰਸਾਂ ਵਿਚ ਮਿਤੀ 19.8.2011 ਤੱਕ ਖਾਲੀ ਰਹਿ ਗਈਆਂ ਸੀਟਾਂ ਉੱਤੇ 5000/- ਰੁਪਏ ਲੇਟ ਫੀਸ ਨਾਲ **ਅੰਤਿਕਾ** ਵਿਚ ਦਰਸਾਏ ਵੇਰਵੇ ਅਨੁਸਾਰ ਵਿਦਿਆਰਥੀਆਂ ਦੇ ਦਾਖਲੇ ਦੀ ਆਗਿਆ ਦਿੱਤੀ ਹੈ।

**ਪੀਐਚ.ਡੀ. ਕਰ ਰਹੇ ਵਿਦਿਆਰਥੀਆਂ ਲਈ ਨੀਤੀ ਅਪਨਾਉਣ ਸਬੰਧੀ।**

54. ਵਾਈਸ-ਚਾਂਸਲਰ ਸਾਹਿਬ ਦੀ ਸਿਫਾਰਸ਼ 'ਤੇ ਵਿਚਾਰ ਹੋਈ ਕਿ ਇਸ ਯੂਨੀਵਰਸਿਟੀ ਵਿਖੇ ਪੀਐਚ.ਡੀ. ਕਰ ਰਹੇ ਵਿਦਿਆਰਥੀਆਂ ਲਈ ਹੇਠ ਲਿਖੀ ਨੀਤੀ ਅਪਣਾਈ ਜਾਵੇ:-

1. Ph.D. students admitted for course work in the first semester during the session 2011-12 can opt for all five courses in the first semester itself.
2. The students registered for Ph.D. in the departments where the number of students in a class is less than five, can opt for any course work outside the departments where the number of students in a class is five or more.

**ਪਾਸ ਹੋਇਆ** ਕਿ ਇਸ ਯੂਨੀਵਰਸਿਟੀ ਵਿਖੇ ਪੀਐਚ.ਡੀ. ਕਰ ਰਹੇ ਵਿਦਿਆਰਥੀਆਂ ਲਈ ਹੇਠ ਲਿਖੀ ਨੀਤੀ ਅਪਣਾਉਣ ਦੀ ਪਰਵਾਨਗੀ ਦਿੱਤੀ ਜਾਂਦੀ ਹੈ:-

1. Ph.D. students admitted for course work in the first semester can opt for all five courses in the first semester itself.
2. The students registered for Ph.D. in the departments where the number of students in a class is less than five, can opt for any course work outside the departments where the number of students in a class is five or more.

**ਪੰਜਾਬ ਹਿਸਟਰੀ ਐਂਡ ਕਲਚਰ (ਕ੍ਰੈਡਿਟ ਬੇਸਡ) ਦਾ ਨਾਮ ਬਦਲ ਕੇ 'ਹਿਸਟਰੀ ਐਂਡ ਕਲਚਰ ਆਫ ਪੰਜਾਬ (ਕ੍ਰੈਡਿਟ ਬੇਸਡ)' ਕਰਨ ਦੀ ਪਰਵਾਨਗੀ।**

55. ਅਕਾਦਮਿਕ ਕੌਂਸਲ ਦੀ ਇੱਕਤਰਤਾ ਮਿਤੀ 11.10.2010 ਦੇ ਪੈਰਾ 'Z' ਰਾਹੀਂ ਮਿਲੇ ਅਧਿਕਾਰਾਂ ਅਧੀਨ ਵਾਈਸ-ਚਾਂਲਸਰ ਸਾਹਿਬ ਦੀ ਸਿਫਾਰਸ਼ ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਬੰਧਤ ਪਾਠ ਸਿੱਖਿਆ ਬੋਰਡ ਦੇ ਚੇਅਰਪਰਸਨ ਅਤੇ ਡੀਨ ਫੈਕਲਟੀ ਦੇ ਸੁਝਾਅ ਅਨੁਸਾਰ ਸੈਸ਼ਨ 2011-12 ਤੋਂ 'ਪੰਜਾਬ ਹਿਸਟਰੀ ਐਂਡ ਕਲਚਰ' (ਕ੍ਰੈਡਿਟ ਬੇਸਡ) ਪੇਪਰ ਦਾ ਨਾਮ ਬਦਲ ਕੇ 'ਹਿਸਟਰੀ ਐਂਡ ਕਲਚਰ ਆਫ ਪੰਜਾਬ' (ਕ੍ਰੈਡਿਟ ਬੇਸਡ) ਕੀਤਾ ਜਾਂਦਾ ਹੈ।

**ਗੁਰੂ ਨਾਨਕ ਦੇਵ ਯੂਨੀਵਰਸਿਟੀ ਰਿਜਨਲ ਕੈਂਪਸ, ਸਠਿਆਲਾ ਵਿਖੇ ਸੈਸ਼ਨ 2011-12 ਤੋਂ ਕੋਰਸ ਸ਼ੁਰੂ ਕਰਨ ਦੀ ਪਰਵਾਨਗੀ।**

56. ਵਾਈਸ-ਚਾਂਸਲਰ ਸਾਹਿਬ ਦੀ ਸਿਫਾਰਸ਼ ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਸੈਸ਼ਨ 2011-12 ਤੋਂ ਗੁਰੂ ਨਾਨਕ ਦੇਵ ਯੂਨੀਵਰਸਿਟੀ ਰਿਜਨਲ ਕੈਂਪਸ, ਸਠਿਆਲਾ ਵਿਖੇ ਹੇਠ ਲਿਖੇ ਕੋਰਸ ਸ਼ੁਰੂ ਕਰਨ ਦੀ ਪਰਵਾਨਗੀ ਦਿੱਤੀ ਜਾਂਦੀ ਹੈ:-

| ਲੜੀ ਨੰ: | ਕੋਰਸ ਦਾ ਨਾਂ | ਨਿਰਧਾਰਤ ਸੀਟਾਂ |
|---|---|---|
| 1. | ਬੀ.ਟੈਕ. ਕੰਪਿਊਟਰ ਸਾਇੰਸ ਐਂਡ ਇੰਜੀਨੀਰਿੰਗ | 120 |
| 2. | ਬੀ.ਟੈਕ. ਇਲੈਕਟ੍ਰੋਨਿਕਸ ਐਂਡ ਕਮਿਊਨੀਕੇਸ਼ਨ ਇੰਜੀਨੀਰਿੰਗ | 120 |
| 3. | ਐਮ.ਬੀ.ਏ. (ਦੋ ਸਾਲਾ) | 120 |
| 4. | ਬੀ.ਐਸ.ਸੀ. (ਕੰਪਿਊਟਰ ਸਾਇੰਸ) | 50 |

ਗੁਰੂ ਨਾਨਕ ਦੇਵ ਯੂਨੀਵਰਸਿਟੀ ਰਿਜਨਲ ਕੈਂਪਸ, ਸੁਲਤਾਨਪੁਰ ਲੋਧੀ ਵਿਖੇ ਸੈਸ਼ਨ 2011-12 ਤੋਂ ਕੋਰਸ ਸ਼ੁਰੂ ਕਰਨ ਦੀ ਪਰਵਾਨਗੀ।

57. ਵਾਈਸ-ਚਾਂਸਲਰ ਸਾਹਿਬ ਦੀ ਸਿਫਾਰਸ਼ ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਸੈਸ਼ਨ 2011-12 ਤੋਂ ਗੁਰੂ ਨਾਨਕ ਦੇਵ ਯੂਨੀਵਰਸਿਟੀ ਰਿਜਨਲ ਕੈਂਪਸ, ਸੁਲਤਾਨਪੁਰ ਲੋਧੀ ਵਿਖੇ ਹੇਠ ਲਿਖੇ ਕੋਰਸ ਸ਼ੁਰੂ ਕਰਨ ਦੀ ਪਰਵਾਨਗੀ ਦਿੱਤੀ ਜਾਂਦੀ ਹੈ:-

| ਲੜੀ ਨੰ: | ਕੋਰਸ ਦਾ ਨਾਂ | ਨਿਰਧਾਰਤ ਸੀਟਾਂ |
|---|---|---|
| 1. | ਬੀ.ਟੈਕ. ਕੰਪਿਊਟਰ ਸਾਇੰਸ ਐਂਡ ਇੰਜੀਨੀਰਿੰਗ | 60 |
| 2. | ਬੀ.ਟੈਕ. ਇਲੈਕਟ੍ਰੋਨਿਕਸ ਐਂਡ ਕਮਿਊਨੀਕੇਸ਼ਨ ਇੰਜੀਨੀਰਿੰਗ | 60 |
| 3. | ਐਮ.ਬੀ.ਏ. (ਦੋ ਸਾਲਾ) | 60 |

ਸ੍ਰੀ ਰਾਮ ਅਵਧ, ਪੰਪ ਡਰਾਈਵਰ (ਸੇਵਾ-ਮੁਕਤ) ਦੀ ਮੁੜ-ਨਿਯੁਕਤੀ ਦੀ ਪਰਵਾਨਗੀ।

58. ਵਾਈਸ-ਚਾਂਸਲਰ ਸਾਹਿਬ ਦੀ ਸਿਫਾਰਸ਼ ‘ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਸ੍ਰੀ ਰਾਮ ਅਵਧ, ਪੰਪ ਡਰਾਈਵਰ (ਸੇਵਾ-ਮੁਕਤ), ਜਿਸ ਦੀ ਨਿਯੁਕਤੀ ਦੀ ਮਿਆਦ ਮਿਤੀ 16.9.2011 ਨੂੰ ਖਤਮ ਹੋ ਚੁੱਕੀ ਹੈ, ਨੂੰ ਹਾਜਰ ਹੋਣ ਦੀ ਮਿਤੀ ਤੋਂ 6 ਮਹੀਨੇ ਲਈ, 5000/- ਰੁਪਏ ਪ੍ਰਤੀ ਮਹੀਨਾ ਬੱਝਵੀਂ ਤਨਖਾਹ ‘ਤੇ ਪਹਿਲੀਆਂ ਹੀ ਬਾਨ੍ਹਾਂ ਅਤੇ ਸ਼ਰਤਾਂ ਤੇ ਕੰਟ੍ਰੈਕਟ ਆਧਾਰ ਤੇ ਮੁੜ ਨਿਯੁਕਤ ਕੀਤਾ ਜਾਂਦਾ ਹੈ।

ਸਬੰਧਤ ਕੋਰਸਾਂ ਦੇ ਅਧਿਆਦੇਸ਼ਾਂ ਦੀ ਪਰਵਾਨਗੀ ਦੀ ਪੁਸ਼ਟੀ।

59. ਵਿਚਾਰ ਉਪਰੰਤ

**ਪਾਸ ਹੋਇਆ** ਕਿ ਅਕਾਦਮਿਕ ਕੌਂਸਲ ਦੀ ਇਕੱਤਰਤਾ ਮਿਤੀ 20.11.2009 ਦੇ ਪੈਰਾ 'Z' ਰਾਹੀਂ ਮਿਲੇ ਅਧਿਕਾਰਾਂ ਅਧੀਨ ਵਾਈਸ-ਚਾਂਸਲਰ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਸਬੰਧਤ ਪਾਠ ਸਿੱਖਿਆ ਬੋਰਡ ਦੇ ਚੇਅਰਮੈਨ ਅਤੇ ਡੀਨ ਫ਼ੈਕਲਟੀ ਦੇ ਸੁਝਾਅ ਅਨੁਸਾਰ ਐਮ.ਐਸ.ਸੀ.(ਨੈਟਵਰਕ ਅਤੇ ਪ੍ਰੋਟੋਕੋਲ ਡਿਜ਼ਾਈਨ) ਸਮੈਸਟਰ ਸਿਸਟਮ; ਐਮ.ਐਸ.ਸੀ.(ਕੰਪਿਊਟਰ ਸਾਇੰਸ) ਅਤੇ ਐਮ.ਐਸ.ਸੀ. (ਇਨਫਰਮੇਸ਼ਨ ਟੈਕਨਾਲੋਜੀ) ਸਮੈਸਟਰ ਪ੍ਰਣਾਲੀ ਅਤੇ ਸਲਾਨਾ ਪ੍ਰਣਾਲੀ ਅਧੀਨ ਕੋਰਸਾਂ ਦੇ ਅਧਿਆਦੇਸ਼ **ਅੰਤਿਕਾ** ਅਨੁਸਾਰ ਪਰਵਾਨ ਕੀਤੇ ਹਨ।

ਇਸਤਰੀ ਅਧਿਆਪਕਾਂ ਲਈ Maternity Leave ਸਬੰਧੀ ਨਿਯਮਾਂ ਵਿਚ ਸੋਧ ਦੀ ਪਰਵਾਨਗੀ।

60. ਵਾਈਸ-ਚਾਂਸਲਰ ਸਾਹਿਬ ਦੀ ਸਿਫਾਰਸ਼ ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਯੂਨੀਵਰਸਿਟੀ ਕੈਲੰਡਰ 2007, ਜਿਲਦ ਪਹਿਲੀ ਦੇ ਪੰਨਾ 68 ਉੱਤੇ ਇਸਤਰੀ ਅਧਿਆਪਕਾਂ ਲਈ Maternity Leave ਸਬੰਧੀ ਸਟੈਚਿਊਟ 85 ਵਿਚ ਹੇਠ ਲਿਖੇ ਅਨੁਸਾਰ ਸੋਧ ਕੀਤੀ ਜਾਂਦੀ ਹੈ।ਸੋਧ ਹਿਤ ਮਾਮਲਾ ਰੈਗੂਲੇਸ਼ਨਜ਼ ਕਮੇਟੀ ਵਿਚ ਭੇਜ ਦਿੱਤਾ ਜਾਵੇ:-

85 (i) Maternity Leave may be granted to a women teacher on full pay for a period of 180 days.

Provided that no leave under this statues shall be granted to a female teacher who has three or more living children.

**ਕੰਪਿਊਟਰ ਸਾਇੰਸ ਅਤੇ ਇੰਜੀਨੀਰਿੰਗ ਅਤੇ ਇਲੈਕਟ੍ਰੋਨਿਕਸ ਟੈਕਨਾਲੋਜੀ ਵਿਭਾਗ ਵਿਖੇ ਸਹਾਇਕ ਪ੍ਰੋਫੈਸਰਾਂ ਦੀਆਂ ਅਸਾਮੀਆਂ ਤਬਦੀਲ ਕਰਨ ਦੀ ਪਰਵਾਨਗੀ।**

61. ਵਿਚਾਰ ਉਪਰੰਤ

**ਪਾਸ ਹੋਇਆ** ਕਿ ਹੇਠ ਲਿਖੇ ਵਿਭਾਗਾਂ ਵਿਖੇ ਸਹਾਇਕ ਪ੍ਰੋਫੈਸਰਾਂ ਦੀਆਂ 8 ਅਸਾਮੀਆਂ ਵਿਚੋਂ ਚਾਰ-ਚਾਰ ਅਸਾਮੀਆਂ ਕੰਪਿਊਟਰ ਸਾਇੰਸ ਅਤੇ ਇੰਜੀਨੀਰਿੰਗ ਅਤੇ ਇਲੈਕਟ੍ਰੋਨਿਕਸ ਟੈਕਨਾਲੋਜੀ ਵਿਭਾਗ ਵਿਖੇ ਪੱਕੇ ਤੌਰ 'ਤੇ ਤਬਦੀਲ ਕਰਨ ਦੀ ਪਰਵਾਨਗੀ ਦਿੱਤੀ ਜਾਂਦੀ ਹੈ:-

1. ਕੈਮਿਸਟਰੀ ਵਿਭਾਗ –1
2. ਫਿਜੀਕਸ ਵਿਭਾਗ –2
3. ਇਤਿਹਾਸ ਵਿਭਾਗ –1
4. ਪੰਜਾਬੀ ਅਧਿਐਨ ਵਿਭਾਗ –1
5. ਗੁਰੂ ਨਾਨਕ ਅਧਿਐਨ ਵਿਭਾਗ –2
6. ਹਿੰਦੀ ਵਿਭਾਗ –1

**ਕੰਟ੍ਰੈਕਟ ਨਿਯੁਕਤੀਆਂ ਦੀ ਪਰਵਾਨਗੀ।**

62. ਸਿੰਡੀਕੇਟ ਨੇ ਨੋਟ ਕੀਤਾ ਕਿ ਵਾਈਸ-ਚਾਂਸਲਰ ਸਾਹਿਬ ਨੇ ਯੂਨੀਵਰਸਿਟੀ ਦੇ ਵੱਖ-ਵੱਖ ਅਧਿਆਪਨ ਵਿਭਾਗਾਂ/ਕੈਂਪਸਾਂ/ਕਾਲਜਾਂ ਵਿਖੇ ਸੈਸ਼ਨ 2011-12 ਲਈ **ਅੰਤਿਕਾ** ਵਿਚ ਦਰਸਾਏ ਵੇਰਵੇ ਅਨੁਸਾਰ ਵਿਅਕਤੀਆਂ ਨੂੰ ਸੇਵਾ ਤੇ ਆਉਣ ਦੀ ਮਿਤੀ ਤੋਂ ਕੰਟ੍ਰੈਕਟ ਅਧਾਰ ਤੇ ਲੈਕਚਰਾਰ ਵਜੋਂ ਨਿਯੁਕਤ ਕੀਤਾ ਹੈ।

**ਡਾ. ਸੁਖਵਿੰਦਰ ਸਿੰਘ, ਪ੍ਰੋਫੈਸਰ, ਦੀ ਰਿਜਨਲ ਕੈਂਪਸ, ਜਲੰਧਰ ਵਿਖੇ ਐਸੋਸੀਏਟ ਡੀਨ, ਵਿਦਿਅਕ ਮਾਮਲੇ ਅਤੇ ਵਿਦਿਆਰਥੀ ਭਲਾਈ ਵਜੋਂ ਨਿਯੁਕਤੀ ਦੀ ਪੁਸ਼ਟੀ।**

63. ਵਿਚਾਰ ਉਪਰੰਤ

**ਪਾਸ ਹੋਇਆ** ਕਿ ਵਾਈਸ-ਚਾਂਸਲਰ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਡਾ. ਸੁਖਵਿੰਦਰ ਸਿੰਘ, ਪ੍ਰੋਫੈਸਰ, ਪੰਜਾਬੀ ਵਿਭਾਗ, ਰਿਜਨਲ ਕੈਂਪਸ, ਜਲੰਧਰ ਨੂੰ ਮਿਤੀ 18.8.2011 ਤੋਂ 31.3.2012 ਤੱਕ ਗੁਰੂ ਨਾਨਕ ਦੇਵ ਯੂਨੀਵਰਸਿਟੀ, ਰਿਜਨਲ ਕੈਂਪਸ, ਜਲੰਧਰ ਵਿਖੇ ਐਸੋਸੀਏਟ ਡੀਨ, ਵਿਦਿਅਕ ਮਾਮਲੇ ਅਤੇ ਵਿਦਿਆਰਥੀ ਭਲਾਈ ਵਜੋਂ ਨਿਯੁਕਤ ਕੀਤਾ ਹੈ।

**ਡਾ. ਕੰਵਲਜੀਤ ਸਿੰਘ ਦੀ ਓ.ਐਸ.ਡੀ. ਸਪੋਰਟਸ ਵਜੋਂ ਨਿਯੁਕਤੀ ਦੀ ਪਰਵਾਨਗੀ।**

64. ਵਾਈਸ-ਚਾਂਸਲਰ ਸਾਹਿਬ ਦੀ ਸਿਫਾਰਸ਼ 'ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਡਾ. ਕੰਵਲਜੀਤ ਸਿੰਘ, ਡਾਇਰੈਕਟਰ ਸਪੋਰਟਸ, ਜੋ ਮਿਤੀ 30.9.2011 ਨੂੰ ਯੂਨੀਵਰਸਿਟੀ ਸੇਵਾ ਤੋਂ ਸੇਵਾ-ਮੁਕਤ ਹੋ ਰਹੇ ਹਨ, ਨੂੰ ਹਾਜਰ ਹੋਣ ਦੀ ਮਿਤੀ ਤੋਂ ਇਕ ਸਾਲ ਲਈ ਜਾਂ ਡਾਇਰੈਕਟਰ ਸਪੋਰਟਸ ਦੀ ਅਸਾਮੀ ਬਕਾਇਦਾ ਭਰੇ ਜਾਣ ਤੱਕ, ਜੋ ਵੀ ਪਹਿਲਾਂ ਹੋਵੇ, ਓ.ਐਸ.ਡੀ. ਸਪੋਰਟਸ ਵਜੋਂ ਨਿਯੁਕਤ ਕੀਤਾ ਜਾਂਦਾ ਹੈ। ਉਨ੍ਹਾਂ ਨੂੰ ਮਿਲਣ ਵਾਲੀ ਕੁਲ ਤਨਖਾਹ ਵਿਚੋਂ ਪੈਨਸ਼ਨ ਘਟਾ ਕੇ (Total emoluments minus Pension), ਉਨ੍ਹਾਂ ਦੀ ਤਨਖਾਹ ਨਿਰਧਾਰਤ ਕੀਤੀ ਜਾਵੇਗੀ।

**ਸੈਸ਼ਨ 2012-13 ਤੋਂ BPE ਤਿੰਨ ਸਾਲਾ ਕੋਰਸ ਬੰਦ ਕਰਨ ਅਤੇ ਇਸ ਦੀ ਥਾਂ B.P.Ed. ਚਾਰ ਸਾਲਾ ਕੋਰਸ ਸ਼ੁਰੂ ਕਰਨ ਦੀ ਪਰਵਾਨਗੀ।**

65. ਅਕਾਦਮਿਕ ਕੌਂਸਲ ਦੀ ਇੱਕਤਰਤਾ ਮਿਤੀ 11.10.2010 ਦੇ ਪੈਰਾ 'Z' ਰਾਹੀਂ ਮਿਲੇ ਅਧਿਕਾਰਾਂ ਅਧੀਨ ਵਾਈਸ-ਚਾਂਸਲਰ ਸਾਹਿਬ ਦੀ ਸਿਫਾਰਸ਼ ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਬੰਧਤ ਪਾਠ ਸਿੱਖਿਆ ਬੋਰਡ ਦੇ ਚੇਅਰਮੈਨ ਅਤੇ ਡੀਨ ਫੈਕਲਟੀ ਦੇ ਸੁਝਾਅ ਅਨੁਸਾਰ ਸੈਸ਼ਨ 2012-13 ਤੋਂ BPE ਤਿੰਨ ਸਾਲਾ ਕੋਰਸ ਬੰਦ ਕੀਤਾ ਜਾਂਦਾ ਹੈ ਅਤੇ ਇਸ ਦੀ ਥਾਂ B.P.Ed. ਚਾਰ ਸਾਲਾ (Four Year Integrated Course) (Non-Credit Based) ਸ਼ੁਰੂ ਕਰਨ ਦੀ ਪਰਵਾਨਗੀ ਦਿੱਤੀ ਜਾਂਦੀ ਹੈ।

ਇਹ **ਨੋਟ ਕੀਤਾ** ਕਿ ਉਕਤ ਕੋਰਸ ਐਨ.ਸੀ.ਟੀ.ਈ. ਤੋਂ ਪਰਵਾਨਗੀ ਲੈ ਕੇ ਸ਼ੁਰੂ ਕੀਤਾ ਜਾਣਾ ਹੈ।

CCJDEO ਦੀ ਕੰਟ੍ਰੈਕਟ ਨਿਯੁਕਤੀ ਵਿਚ ਵਾਧਾ।

66. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪਰਵਾਨਗੀ ਦੀ ਆਸ ਤੇ ਵਾਈਸ-ਚਾਂਸਲਰ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਹੇਠ ਲਿਖੇ CCJDEO ਦੀ ਕੰਟ੍ਰੈਕਟ ਨਿਯੁਕਤੀ ਦੀ ਮਿਆਦ ਵਿਚ 7000/- ਰੁਪਏ ਪ੍ਰਤੀ ਮਹੀਨਾ ਬੱਝਵੀਂ ਤਨਖਾਹ ਤੇ, ਉਨ੍ਹਾਂ ਦੇ ਸਾਹਮਣੇ ਦਰਸਾਏ ਵੇਰਵੇ ਅਨੁਸਾਰ, ਪਹਿਲੀਆਂ ਹੀ ਬਾਨ੍ਹਾਂ ਅਤੇ ਸ਼ਰਤਾਂ ਤੇ ਤਿੰਨ ਸਾਲ ਲਈ ਵਾਧਾ ਕੀਤਾ ਹੈ:-

| ਲੜੀ ਨੰ: | ਨਾਮ/ਸਰਵਸ੍ਰੀ/ ਸ੍ਰੀਮਤੀ | ਵਿਭਾਗ/ਸ਼ਾਖਾ | ਜਿਸ ਮਿਤੀ ਤੱਕ ਵਾਧਾ ਕੀਤਾ ਗਿਆ ਹੈ। |
|---|---|---|---|
| 1. | ਸੰਜੀਵ ਕੁਮਾਰ | ਲੇਖਾ ਸ਼ਾਖਾ | 21.9.2014 |
| 2. | ਜਗਜੀਤ ਸਿੰਘ | ਜਨਰਲ ਸ਼ਾਖਾ | 18.9.2014 |
| 3. | ਵੰਦਨਾ | ਲੇਖਾ ਸ਼ਾਖਾ | 18.9.2014 |
| 4. | ਕੁਸੁਮ ਸ਼ਰਮਾ | ਪ੍ਰੀਖਿਆ ਸ਼ਾਖਾ-1 | 26.11.2014 |
| 5. | ਸੁਮਨ ਕੁਮਾਰ | ਦਫਤਰ, ਡੀਨ ਵਿਦਿਅਕ ਮਾਮਲੇ | 18.9.2014 |
| 6. | ਰੀਤੂ ਬਾਲਾ | ਐਜੂਕੇਸ਼ਨ ਕਮਿਊਨੀਕੇਸ਼ਨ ਸੈਂਟਰ | 21.9.2014 |
| 7. | ਮਨਦੀਪ ਸਿੰਘ | ਫਿਜਿਕਸ ਵਿਭਾਗ | 18.9.2014 |
| 8. | ਨੈਨਸੀ ਗੁਪਤਾ | ਪ੍ਰੀਖਿਆ ਸ਼ਾਖਾ-1 | 18.9.2014 |
| 9. | ਰਜਨੀ | ਕੰਟਰੋਲਰ ਪ੍ਰੀਖਿਆਵਾਂ ਵਿੰਗ | 18.9.2014 |
| 10. | ਸੰਦੀਪ ਕੌਰ | ਗੁਪਤ ਸ਼ਾਖਾ | 24.9.2014 |
| 11. | ਸੁਭਾਸ਼ ਯਾਦਵ | ਸਪੋਰਟਸ ਮੈਡੀਸਨ ਅਤੇ ਫਿਜੀਓਥਰਾਪੀ ਵਿਭਾਗ | 18.9.2014 |
| 12. | ਪ੍ਰਭਜੀਤ ਕੌਰ | ਕੰਡਕਟ ਸ਼ਾਖਾ | 18.9.2014 |
| 13. | ਹਰਪ੍ਰੀਤ ਸਿੰਘ ਬਾਜਵਾ | ਰੀਜਨਲ ਕੈਂਪਸ, ਗੁਰਦਾਸਪੁਰ | 22.9.2014 |

ਏਜੰਡੇ ਵਿਚੋਂ ਕੱਢੀ (**delete**) ਗਈ ਮੱਦ।

67. ਹੇਠ ਲਿਖੀ ਮੱਦ ਏਜੰਡੇ ਵਿਚੋਂ ਕੱਢੀ(delete) ਗਈ -

"ਬੋਰਡ ਆਫ ਕੰਟਰੋਲ ਦੀ ਇੱਕਤਰਤਾ ਮਿਤੀ 12.4.2011 ਦੀ ਸਿਫਾਰਸ਼ ਨੂੰ ਮੁੱਖ ਰੱਖਦਿਆਂ ਵਾਈਸ-ਚਾਂਸਲਰ ਸਾਹਿਬ ਦੀ ਸਿਫਾਰਸ਼ 'ਤੇ ਵਿਚਾਰ ਕਰਨੀ ਕਿ ਸਰੀਰਕ ਸਿੱਖਿਆ ਵਿਭਾਗ (ਟੀਚਿੰਗ) ਵਿਖੇ ਬੀ.ਪੀ.ਐਡ. ਅਤੇ ਐਮ.ਪੀ.ਐਡ. ਕੋਰਸਾਂ ਤੇ ਕ੍ਰੈਡਿਟ ਬੇਸਡ ਇਵੈਲੂਏਸ਼ਨ ਗ੍ਰੇਡਿੰਗ ਸਿਸਟਮ ਲਾਗੂ ਕਰਨ ਤੋਂ ਛੋਟ ਦਿੱਤੀ ਜਾਵੇ ਅਤੇ ਇਨ੍ਹਾਂ ਕੋਰਸਾਂ ਲਈ ਪਹਿਲਾਂ ਚਲ ਰਹੀ ਸਲਾਨਾ ਪ੍ਰਣਾਲੀ ਅਧੀਨ ਪ੍ਰੀਖਿਆ ਦੇਣ ਦੀ ਆਗਿਆ ਦਿੱਤੀ ਜਾਵੇ।

**ਨੋਟ**:- ਸਰੀਰਕ ਸਿੱਖਿਆ ਵਿਭਾਗ (ਟੀਚਿੰਗ) ਵਿਖੇ ਸੈਸ਼ਨ 2011-12 ਲਈ ਦਾਖਲਾ ਸਾਲਾਨਾ ਪ੍ਰਣਾਲੀ ਅਧੀਨ ਹੀ ਕੀਤਾ ਗਿਆ ਹੈ।"

**ਮਿਸ ਤਕਦੀਰ, ਅਸਿਸਟੈਂਟ ਪ੍ਰੋਫੈਸਰ, ਕੰਪਿਊਟਰ ਸਾਇੰਸ ਤੇ ਇੰਜੀਨੀਰਿੰਗ ਵਿਭਾਗ, ਰਿਜਨਲ ਕੈਂਪਸ, ਗੁਰਦਾਸਪੁਰ ਨੂੰ ਸਟੱਡੀ ਲੀਵ ਪਰਦਾਨ ਕਰਨ ਦੀ ਪੁਸ਼ਟੀ।**

68. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਟੱਡੀ ਲੀਵ ਕੇਸਾਂ ਤੇ ਵਿਚਾਰ ਹਿਤ ਗਠਿਤ ਐਡਵਾਈਜ਼ਰੀ ਕਮੇਟੀ ਦੀ ਇੱਕਤਰਤਾ ਮਿਤੀ 2.8.2011 ਦੀ ਸਿਫਾਰਸ਼ (**ਅੰਤਿਕਾ** ਅਨੁਸਾਰ) ਨੂੰ ਮੁੱਖ ਰੱਖਦਿਆਂ ਸਿੰਡੀਕੇਟ ਦੀ ਪਰਵਾਨਗੀ ਦੀ ਆਸ ਤੇ ਵਾਈਸ-ਚਾਂਸਲਰ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਮਿਸ ਤਕਦੀਰ, ਅਸਿਸਟੈਂਟ ਪ੍ਰੋਫੈਸਰ, ਕੰਪਿਊਟਰ ਸਾਇੰਸ ਤੇ ਇੰਜੀਨੀਰਿੰਗ ਵਿਭਾਗ, ਰਿਜਨਲ ਕੈਂਪਸ, ਗੁਰਦਾਸਪੁਰ ਨੂੰ NIT, ਜਲੰਧਰ ਵਿਖੇ Ph.D. ਕਰਨ ਹਿਤ ਮਿਤੀ 4.8.2011 ਤੋਂ ਇਕ ਸਾਲ ਲਈ ਪੂਰੀ ਤਨਖਾਹ ਤੇ ਨਿਯਮਾਂ ਅਨੁਸਾਰ ਸਟੱਡੀ ਲੀਵ ਪਰਦਾਨ ਕੀਤੀ ਹੈ।

**Carry on System ਸਬੰਧੀ ਪੱਤਰ ਵਾਪਸ ਲੈਣ ਅਤੇ ਅੱਗੇ ਤੋਂ ਅਧਿਆਦੇਸ਼ਾਂ ਅਨੁਸਾਰ ਵਿਦਿਆਰਥੀਆਂ ਨੂੰ ਅਗਲੀ ਕਲਾਸ ਵਿਚ ਪ੍ਰਮੋਟ ਕਰਨ ਦੀ ਪੁਸ਼ਟੀ।**

69. ਸਿੰਡੀਕੇਟ ਦੀ ਪਰਵਾਨਗੀ ਦੀ ਆਸ 'ਤੇ ਵਾਈਸ-ਚਾਂਸਲਰ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕਰਨ ਤੇ ਵਿਚਾਰ ਹੋਈ ਜਿਸ ਰਾਹੀਂ ਉਨ੍ਹਾਂ ਨੇ Carry on System ਲਾਗੂ ਕਰਨ ਸਬੰਧੀ ਡੀਨ, ਵਿਦਿਅਕ ਮਾਮਲੇ ਅਤੇ ਵਿਦਿਆਰਥੀ ਭਲਾਈ ਦਫਤਰ ਵੱਲੋਂ ਜਾਰੀ ਪੱਤਰ ਨੰ: 1737/DAA ਮਿਤੀ 1.8.2008 (**ਅੰਤਿਕਾ** ਅਨੁਸਾਰ) ਵਾਪਸ ਲੈਣ ਅਤੇ ਅੱਗੇ ਤੋਂ ਇਸ ਸਿਸਟਮ ਅਧੀਨ ਜਿਨ੍ਹਾਂ ਵਿਦਿਆਰਥੀਆਂ ਨੇ ਦਾਖਲਾ ਲਿਆ ਹੈ, ਉਨ੍ਹਾਂ ਦੀ ਅਗਲੀ ਕਲਾਸ ਵਿਚ ਪ੍ਰਮੋਸ਼ਨ ਅਧਿਆਦੇਸ਼ਾਂ ਅਨੁਸਾਰ ਹੀ ਕਰਨ ਦੀ ਆਗਿਆ ਦਿੱਤੀ ਹੈ।

ਹੇਠ ਲਿਖੇ ਨੋਟ ਤੇ ਵੀ ਵਿਚਾਰ ਹੋਈ:-

**ਨੋਟ:-** ਵੱਖ-ਵੱਖ ਵਿਭਾਗਾਂ ਵਿਚ Carry on System ਸਬੰਧੀ ਨਿਯਮ ਸਿੰਡੀਕੇਟ ਦੀ ਇੱਕਤਰਤਾ ਮਿਤੀ 5.12.2006 ਦੇ ਪੈਰਾ ਨੰ: 23 ਅਨੁਸਾਰ ਪ੍ਰਵਾਨ ਕੀਤੇ ਗਏ ਸਨ। Carry on System ਸਬੰਧੀ clarification ਨਾ ਹੋਣ ਕਰਕੇ ਕੰਪਿਊਟਰ ਸਾਇੰਸ ਐਂਡ ਇੰਜੀਨੀਰਿੰਗ ਵਿਭਾਗ ਅਤੇ ਇਲੈਕਟ੍ਰਾਨਿਕਸ ਟੈਕਨਾਲੋਜੀ ਵਿਭਾਗ ਵੱਲੋਂ ਕੁਝ ineligible ਵਿਦਿਆਰਥੀਆਂ ਨੂੰ ਦਾਖਲਾ ਦਿੱਤਾ ਗਿਆ ਸੀ, ਜਿਸ ਨੂੰ ਮੁੱਖ ਰੱਖਕੇ ਵਾਈਸ-ਚਾਂਸਲਰ ਸਾਹਿਬ ਦੁਆਰਾ ਗਠਿਤ ਕਮੇਟੀ ਵੱਲੋਂ ਸਿਫਾਰਸ਼ ਕੀਤੀ ਗਈ ਸੀ ਕਿ ਜਿਨ੍ਹਾਂ ineligible ਵਿਦਿਆਰਥੀਆਂ ਨੇ ਦਾਖਲਾ ਲੈ ਲਿਆ ਹੈ, ਉਨ੍ਹਾਂ ਨੂੰ ਜਿਨ੍ਹਾਂ ਪੇਪਰਾਂ ਵਿਚੋਂ ਉਹ ਫੇਲ ਅਤੇ ineligible ਹਨ, ਨੂੰ ਕਲੀਅਰ ਕਰਨ ਲਈ ਵਿਸ਼ੇਸ਼ ਮੌਕਾ ਦੇ ਦਿੱਤਾ ਜਾਵੇ।

ਇਸ ਕਮੇਟੀ ਦੀਆਂ ਉਪਰੋਕਤ ਸਿਫਾਰਸ਼ਾਂ ਦਾ ਸਹਾਰਾ ਲੈ ਕੇ ਬਹੁਤ ਸਾਰੇ ਵਿਦਿਆਰਥੀਆਂ ਵਲੋਂ ਕੋਰਟ ਵਿਚ ਕੇਸ ਦਰਜ ਕੀਤੇ ਗਏ ਹਨ। ਇਨ੍ਹਾਂ ਕੇਸਾਂ ਵਿਚ ਕੋਰਟ ਵੱਲੋਂ ਵਿਦਿਆਰਥੀਆਂ ਦੇ ਹੱਕ ਵਿਚ ਇਹ ਕਹਿ ਕੇ ਫੈਸਲਾ ਦਿੱਤਾ ਗਿਆ ਹੈ ਕਿ ਜਿਨ੍ਹਾਂ ਚਿਰ ਤੱਕ ਦਫਤਰ ਡੀਨ, ਵਿਦਿਅਕ ਮਾਮਲੇ ਦਾ ਪੱਤਰ ਨੰ: 1737/DAA ਮਿਤੀ 1.8.2008 operative ਹੈ ਤਦ ਤੱਕ ਵਿਦਿਆਰਥੀਆਂ ਨੂੰ ਸਪੈਸ਼ਲ ਚਾਂਸ ਦੇਣ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ।

**ਪਾਸ ਹੋਇਆ** ਕਿ ਸਿੰਡੀਕੇਟ ਦੀ ਪਰਵਾਨਗੀ ਦੀ ਆਸ 'ਤੇ ਵਾਈਸ-ਚਾਂਸਲਰ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ Carry on System ਲਾਗੂ ਕਰਨ ਸਬੰਧੀ ਡੀਨ, ਵਿਦਿਅਕ ਮਾਮਲੇ ਅਤੇ ਵਿਦਿਆਰਥੀ ਭਲਾਈ ਦਫਤਰ ਵੱਲੋਂ ਜਾਰੀ ਪੱਤਰ ਨੰ: 1737/DAA ਮਿਤੀ 1.8.2008 (**ਅੰਤਿਕਾ** ਅਨੁਸਾਰ) ਵਾਪਸ ਲੈਣ ਅਤੇ ਅੱਗੇ ਤੋਂ ਇਸ ਸਿਸਟਮ ਅਧੀਨ ਜਿਨ੍ਹਾਂ ਵਿਦਿਆਰਥੀਆਂ ਨੇ ਦਾਖਲਾ ਲਿਆ ਹੈ, ਉਨ੍ਹਾਂ ਦੀ ਅਗਲੀ ਕਲਾਸ ਵਿਚ ਪ੍ਰਮੋਸ਼ਨ ਅਧਿਆਦੇਸ਼ਾਂ ਅਨੁਸਾਰ ਹੀ ਕਰਨ ਦੀ ਆਗਿਆ ਦਿੱਤੀ ਹੈ।

ਸਬੰਧਤ ਕੋਚਾਂ ਦੀ ਕੰਟ੍ਰੈਕਟ ਨਿਯੁਕਤੀ ਦੀ ਪੁਸ਼ਟੀ।

70. ਵਿਚਾਰ ਉਪਰੰਤ

**ਪਾਸ ਹੋਇਆ** ਕਿ ਵਾਈਸ-ਚਾਂਸਲਰ ਸਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ 16000/- ਰੁਪਏ ਪ੍ਰਤੀ ਮਹੀਨਾ ਬੱਝਵੀਂ ਤਨਖਾਹ ਤੇ ਹਾਜਰ ਹੋਣ ਦੀ ਮਿਤੀ ਤੋਂ ਇਕ ਸਾਲ ਲਈ ਜਾਂ ਅਸਾਮੀ ਬਕਾਇਦਾ ਭਰੇ ਜਾਣ ਤੱਕ, ਜੋ ਵੀ ਪਹਿਲਾਂ ਹੋਵੇ, ਕੰਟ੍ਰੈਕਟ ਅਧਾਰ ਤੇ ਹੇਠ ਲਿਖੇ ਅਨੁਸਾਰ ਕੋਚਾਂ ਦੀ ਨਿਯੁਕਤੀ ਕੀਤੀ ਹੈ:-

1. ਸ੍ਰੀ ਨਵਤੇਜ ਸਿੰਘ : ਅਥਲੈਟਿਕਸ ਕੋਚ ਵਜੋਂ
2. ਸ੍ਰੀ ਪਰਦੀਪ ਕੁਮਾਰ: ਫੁੱਟਬਾਲ ਕੋਚ ਵਜੋਂ

Carry on System ਸਬੰਧੀ ਅਧਿਆਦੇਸ਼ ਵਿਚ ਵਾਧਾ।

71. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪਰਵਾਨਗੀ ਦੀ ਆਸ ਤੇ ਵਾਈਸ-ਚਾਂਸਲਰ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਯੂਨੀਵਰਸਿਟੀ ਕੈਲੰਡਰ 2008, ਜਿਲਦ ਦੂਜੀ ਦੇ ਪੰਨਾ 45 ਉੱਤੇ ਵੱਖ-ਵੱਖ ਸਮੈਸਟਰ ਦੀਆਂ ਪ੍ਰੀਖਿਆਵਾਂ ਲਈ Carry on System ਸਬੰਧੀ ਅਧਿਆਦੇਸ਼ ਵਿਚ ਸੈਸ਼ਨ 2010-11 ਤੋਂ ਹੇਠ ਲਿਖੇ ਅਨੁਸਾਰ ਵਾਧਾ ਕਰਨ ਦੀ ਪਰਵਾਨਗੀ ਦਿੱਤੀ ਹੈ:-

**Note:-** These rules shall not be applicable on the candidates admitted under Credit Based Continous Evaluation Grading System with effect from the academic session 2010-11.

ਵਾਈਸ-ਚਾਂਸਲਰ ਸਾਹਿਬ ਨੂੰ ਵਿਦੇਸ਼ ਵਿਖੇ ਕਾਨਫਰੰਸ ਵਿਚ ਭਾਗ ਲੈਣ ਦੀ ਆਗਿਆ ਬਾਰੇ ਸੂਚਨਾ।

72. ਸਿੰਡੀਕੇਟ ਨੇ ਨੋਟ ਕੀਤਾ ਕਿ ਗਵਰਨਰ ਪੰਜਾਬ (ਚਾਂਸਲਰ, ਗੁਰੂ ਨਾਨਕ ਦੇਵ ਯੂਨੀਵਰਸਿਟੀ) ਵੱਲੋਂ ਆਪਣੇ ਪੱਤਰ ਨੰ: 5/6/09-GNDU-2G-PRB ਮਿਤੀ 30.8.2011 ਰਾਹੀਂ ਡਾ. ਅ.ਸ. ਬਰਾੜ, ਵਾਈਸ-ਚਾਂਸਲਰ, ਗੁਰੂ ਨਾਨਕ ਦੇਵ ਯੂਨੀਵਰਸਿਟੀ ਨੂੰ ਮਿਤੀ 11-12 ਸਤੰਬਰ, 2011 ਨੂੰ ਤਹਿਰਾਨ, ਈਰਾਨ ਵਿਖੇ ਹੋਈ 'International Conference on Dialogue Among Religions and Cultures in Asia" ਵਿਖੇ ਭਾਗ ਲੈਣ ਦੀ ਪਰਵਾਨਗੀ ਦਿੱਤੀ ਗਈ ਹੈ। ਇਸ ਸਬੰਧੀ ਟੀ.ਏ./ਡੀ.ਏ. ਦਾ ਖਰਚਾ ਸਬੰਧਤ ਸੰਸਥਾ ਵੱਲੋਂ ਦਿੱਤਾ ਗਿਆ ਹੈ।

ਡਾ. ਗੁਲਜ਼ਾਰ ਸਿੰਘ ਕੰਗ ਦੀ ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਕੇਂਦਰ ਵਿਖੇ ਕੰਟ੍ਰੈਕਟ ਅਧਾਰ ਤੇ ਪ੍ਰੋਫੈਸਰ ਵਜੋਂ ਨਿਯੁਕਤੀ ਦੀ ਪਰਵਾਨਗੀ।

73. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੱਖ ਅਧਿਐਨ ਵਿਚ ਪਾਏ ਯੋਗਦਾਨ ਅਤੇ ਤਜ਼ਰਬੇ ਨੂੰ ਮੁੱਖ ਰੱਖਦਿਆਂ ਡਾ. ਗੁਲਜ਼ਾਰ ਸਿੰਘ ਕੰਗ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਕੇਂਦਰ ਵਿਖੇ ਹਾਜਰ ਹੋਣ ਦੀ ਮਿਤੀ ਤੋ ਇਕ ਸਾਲ ਲਈ 50000/- ਰੁਪਏ ਪ੍ਰਤੀ ਮਹੀਨਾ ਬੱਝਵੀਂ ਤਨਖਾਹ ਤੇ ਕੰਟਰੈਕਟ ਅਧਾਰ 'ਤੇ ਪ੍ਰੋਫੈਸਰ ਵਜੋਂ ਨਿਯੁਕਤ ਕੀਤਾ ਜਾਂਦਾ ਹੈ।

ਯੂ.ਜੀ.ਸੀ. ਸਕੇਲ ਲੈ ਰਹੇ ਅਧਿਕਾਰੀਆਂ ਨੂੰ ਮਿਤੀ 1.1.2006 ਤੋਂ ਸੋਧੇ ਹੋਏ Corresponding Scale ਜਾਰੀ ਕਰਨ ਦੀ ਪਰਵਾਨਗੀ।

74. ਵਾਈਸ-ਚਾਂਸਲਰ ਸਾਹਿਬ ਦੀ ਸਿਫਾਰਸ਼ ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਵਿੱਤ ਕਮੇਟੀ ਦੀ ਇੱਕਤਰਤਾ ਮਿਤੀ 1.3.2010 ਦੇ ਪੈਰਾ 22 ਦੇ ਅਧਾਰ 'ਤੇ, ਸਿੰਡੀਕੇਟ ਇੱਕਤਰਤਾ ਮਿਤੀ 12.3.2010 ਪੈਰਾ 3 ਰਾਹੀਂ ਯੂ.ਜੀ.ਸੀ. ਸਕੇਲ ਲੈ ਰਹੇ ਅਧਿਕਾਰੀਆਂ ਦੇ ਤਨਖਾਹ ਸਕੇਲ ਮਿਤੀ 1.1.2006 ਤੋਂ Corresponding Scale ਦੇ ਹਿਸਾਬ ਨਾਲ ਜਾਰੀ ਕਰਨ ਲਈ ਦਿੱਤੀ ਗਈ ਪਰਵਾਨਗੀ ਉਪਰੰਤ ਆਡਿਟ ਵੱਲੋਂ ਲਗਾਏ ਗਏ ਇਤਰਾਜ ਦੀ ਰੋਸ਼ਨੀ ਵਿਚ ਪੰਜਾਬ ਸਰਕਾਰ, ਉਚੇਰੀ ਸਿੱਖਿਆ ਵਿਭਾਗ ਨੂੰ ਇਨ੍ਹਾਂ ਅਸਾਮੀਆਂ ਦੇ ਤਨਖਾਹ ਸਕੇਲ ਸਰਕਾਰ ਵੱਲੋਂ

ਜਾਰੀ ਨੋਟੀਫਿਕੇਸ਼ਨ ਨੰ: 10/3/09-3/ਸਿ1/3321 ਮਿਤੀ 2.9.2009 ਦੇ ਅਨੁਰੂਪ ਸੋਧਣ ਲਈ ਬੇਨਤੀ ਕੀਤੀ ਗਈ ਸੀ। ਪ੍ਰੰਤੂ ਇਸ ਦੋ ਸਾਲ ਦੇ ਸਮੇਂ ਦੌਰਾਨ ਯਾਦ ਪੱਤਰ ਜਾਰੀ ਕਰਨ ਦੇ ਬਾਵਜੂਦ ਵੀ ਉੱਤਰ ਪ੍ਰਾਪਤ ਨਹੀਂ ਹੋਇਆ ਹੈ, ਜਿਸ ਦੀ ਵਜਾ ਨਾਲ ਸਕੇਲਾਂ ਦੀ ਸੋਧ ਕਰਨ ਵਿਚ ਦੇਰੀ ਹੋ ਰਹੀ ਹੈ, ਜਦਕਿ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਯੂ.ਜੀ.ਸੀ. ਸਕੇਲ ਲੈ ਰਹੇ ਅਧਿਕਾਰੀਆਂ ਵੱਲੋਂ ਸਕੇਲਾਂ ਵਿਚ ਸੋਧ ਕੀਤੀ ਜਾ ਚੁੱਕੀ ਹੈ ਅਤੇ ਇਨ੍ਹਾਂ ਨੂੰ ਆਡਿਟ ਵੱਲੋਂ ਐਡਮਿਟ ਵੀ ਕਰ ਲਿਆ ਗਿਆ ਹੈ। ਇਸ ਦੀ ਰੋਸ਼ਨੀ ਵਿਚ **ਅੰਤਿਕਾ** ਵਿਚ ਦਰਸਾਈ ਅਸਾਮੀਆਂ ਦੇ Corresponding U.G.C. Scale ਮਿਤੀ 1.1.2006 ਤੋਂ ਜਾਰੀ ਕਰਨ ਦੀ ਸਿਫਾਰਸ਼ ਪਰਵਾਨ ਕੀਤੀ ਜਾਂਦੀ ਹੈ।

75. ਇਹ ਮੱਦ ਨੰ: 70 ਅਨੁਸਾਰ, ਪਹਿਲਾਂ ਵਿਚਾਰੀ ਜਾ ਚੁੱਕੀ ਹੈ।

**ਏਜੰਡੇ ਵਿਚੋਂ ਕੱਢੀ (delete) ਗਈ ਮੱਦ।**

76. ਇਹ ਮੱਦ ਏਜੰਡੇ ਵਿਚੋਂ ਕੱਢੀ (delete) ਗਈ ਹੈ।

**ਡਾ. ਜੀ.ਐਸ. ਭੱਲਾ, ਪ੍ਰੋਫੈਸਰ, ਕਮਰਸ ਅਤੇ ਬਿਜ਼ਨੈਸ ਮੈਨੇਜਮੈਂਟ ਵਿਭਾਗ ਵਿਰੁੱਧ ਪੜਤਾਲੀਆ ਅਫਸਰ ਦੀ ਰਿਪੋਰਟ।**

77. ਜਾਅਲੀ ਦਸਤਖਤ ਕਰਨ ਕਰਕੇ ਡਾ. ਜੀ.ਐਸ. ਭੱਲਾ, ਪ੍ਰੋਫੈਸਰ, ਕਮਰਸ ਅਤੇ ਬਿਜ਼ਨੈਸ ਮੈਨੇਜਮੈਂਟ ਵਿਭਾਗ ਵਿਰੁੱਧ ਕੇਸ ਦੀ ਪੜਤਾਲ ਹਿਤ ਨਿਯੁਕਤ ਪੜਤਾਲੀਆ ਅਫਸਰ- ਪ੍ਰੋਫੈਸਰ ਕੇ.ਐਸ. ਸਿੱਧੂ ਦੀ ਪੜਤਾਲੀਆ ਰਿਪੋਰਟ ਮਿਤੀ 24.6.2011 (**ਅੰਤਿਕਾ** ਅਨੁਸਾਰ) ਉੱਤੇ ਵਿਚਾਰ ਕਰਨੀ।

ਨੋਟ:- ਪੜਤਾਲੀਆ ਅਫਸਰ ਦੀ ਰਿਪੋਰਟ ਦਾ ਸਾਰ ਹੇਠ ਲਿਖੇ ਅਨੁਸਾਰ ਹੈ:-

> "In summary, Dr. Bhalla has failed to present any worthwhile argument against the charge referred to in Para 2. His statement stand aloof. On the other hand there is strong evidence for the charge. There is thus no escaping the fact that the charge is true."

ਸਮੂਹ ਮੈਂਬਰ ਸਾਹਿਬਾਨ ਦਾ ਵਿਚਾਰ ਸੀ ਕਿ ਡਾ. ਜੀ.ਐਸ. ਭੱਲਾ ਵੱਲੋਂ ਸ੍ਰੀ ਰਮੇਸ਼ ਚੌਧਰੀ, ਐਡਵੋਕੇਟ ਜਿਲ੍ਹਾ ਕਚੇਹਿਰੀ, ਅੰਮ੍ਰਿਤਸਰ ਦੇ ਜਾਅਲੀ ਦਸਤਖਤ ਕਰਨ ਕਰਕੇ ਇਕ ਫੌਜਦਾਰੀ ਜ਼ੁਰਮ (Criminal offence) ਕੀਤਾ ਗਿਆ ਹੈ ਅਤੇ ਇਸ ਲਈ ਉਨ੍ਹਾਂ ਵਿਰੁੱਧ ਐਫ.ਆਈ.ਆਰ. ਦਰਜ ਕਰਾਉਣੀ ਬਣਦੀ ਹੈ। ਪ੍ਰੰਤੂ ਜੇਕਰ ਐਫ.ਆਈ.ਆਰ. ਦਰਜ ਕਰਾਈ ਜਾਂਦੀ ਹੈ ਤਾਂ ਇਸ ਨਾਲ ਯੂਨੀਵਰਸਿਟੀ ਦੀ ਬਦਨਾਮੀ ਹੁੰਦੀ ਹੈ, ਇਸ ਲਈ ਉਨ੍ਹਾਂ ਵਿਰੁੱਧ ਫੌਜਦਾਰੀ ਕਾਰਵਾਈ ਨਾ ਕੀਤੀ ਜਾਵੇ।

**ਪਾਸ ਹੋਇਆ** ਕਿ ਜਾਅਲੀ ਦਸਤਖਤ ਕਰਨ ਕਰਕੇ ਡਾ. ਜੀ.ਐਸ. ਭੱਲਾ, ਪ੍ਰੋਫੈਸਰ, ਕਮਰਸ ਅਤੇ ਬਿਜ਼ਨੈਸ ਮੈਨੇਜਮੈਂਟ ਵਿਭਾਗ ਵਿਰੁੱਧ ਕੇਸ ਦੀ ਪੜਤਾਲ ਹਿਤ ਨਿਯੁਕਤ ਪੜਤਾਲੀਆ ਅਫਸਰ- ਪ੍ਰੋਫੈਸਰ ਕੇ.ਐਸ. ਸਿੱਧੂ ਦੀ ਪੜਤਾਲੀਆ ਰਿਪੋਰਟ ਮਿਤੀ 24.6.2011 (**ਅੰਤਿਕਾ** ਅਨੁਸਾਰ) ਪ੍ਰਵਾਨ ਕੀਤੀ ਜਾਂਦੀ ਹੈ।

ਇਹ ਵੀ ਪਾਸ ਹੋਇਆ ਕਿ ਡਾ. ਜੀ.ਐਸ. ਭੱਲਾ ਪ੍ਰੋਫੈਸਰ ਕਾਮਰਸ ਅਤੇ ਬਿਜਨਸ ਮੈਨੇਜਮੈਂਟ ਵਿਭਾਗ ਵਿਰੁੱਧ ਮੁਕੰਮਲ ਪੜਤਾਲ (Full fledged enquiry) ਕਰਨ ਲਈ ਪੜਤਾਲੀਆ ਅਫਸਰ ਨਿਯੁਕਤ ਕਰਨ ਦੇ ਅਧਿਕਾਰ ਵਾਈਸ-ਚਾਂਸਲਰ ਸਾਹਿਬ ਨੂੰ ਦਿੱਤੇ ਜਾਂਦੇ ਹਨ।

**ਡਾ. ਜੀ.ਐਸ. ਭੱਲਾ ਵੱਲੋਂ ਚਾਰਜਸ਼ੀਟ ਦਾ ਉੱਤਰ ਨਾ ਦੇਣ ਕਾਰਣ ਅਨੁਸ਼ਾਸਨੀ ਕਾਰਵਾਈ ਕਰਨ ਦੀ ਪਰਵਾਨਗੀ।**

78. ਡਾ. ਜੀ.ਐਸ. ਭੱਲਾ, ਪ੍ਰੋਫੈਸਰ, ਕਾਮਰਸ ਅਤੇ ਬਿਜ਼ਨਸ ਮੈਨੇਜਮੈਂਟ ਵਿਭਾਗ ਵੱਲੋਂ ਵਿਦਿਆਰਥੀਆਂ ਦੀ ਇੰਟਰਨਲ ਅਸੈਸਮੈਂਟ ਭੇਜਣ ਸਬੰਧੀ ਬੇਨਿਯਮੀਆਂ ਕਾਰਨ ਸਿੰਡੀਕੇਟ ਦੀ ਇੱਕਤਰਤਾ ਮਿਤੀ 25-1-2011 ਦੇ ਪੈਰਾ 36 ਨੂੰ ਮੁੱਖ ਰੱਖਦਿਆਂ ਉਸਨੂੰ ਜਾਰੀ ਕੀਤੀ ਚਾਰਜਸ਼ੀਟ ਮਿਤੀ 9.6.2011 (**ਅੰਤਿਕਾ-I**) ਸਬੰਧੀ ਉਸ ਵੱਲੋਂ ਨਿਰਧਾਰਤ ਸਮੇਂ ਅੰਦਰ (ਮਿਤੀ 23.6.2011) ਤੱਕ ਚਾਰਜਸ਼ੀਟ ਦਾ ਉੱਤਰ ਦੇਣ ਸਬੰਧੀ ਕੀਤੀ ਹਦਾਇਤ ਦੇ ਬਾਵਜੂਦ ਉਸ ਵੱਲੋਂ ਭੇਜੇ ਗਏ ਵੱਖ-ਵੱਖ ਪੱਤਰਾਂ ਰਾਹੀਂ ਮੰਗੇ ਗਏ ਦਸਤਾਵੇਜ, ਜੋ ਉਨ੍ਹਾਂ ਨੂੰ ਮੁਹੱਈਆ ਕਰਵਾਉਣ ਦੇ ਬਾਵਜੂਦ ਡਾ. ਜੀ.ਐਸ. ਭੱਲਾ ਵੱਲੋਂ ਚਾਰਜਸ਼ੀਟ ਦਾ ਉੱਤਰ ਦੇਣ ਦੀ ਬਜਾਏ ਆਰ.ਟੀ.ਆਈ. ਅਧੀਨ ਦਸਤਾਵੇਜਾਂ ਦੀ ਮੰਗ ਕਰਨ ਕਰਕੇ ਬੇਲੋੜੀ ਦੇਰੀ ਕਰਨ ਕਾਰਨ ਡਾ. ਜੀ.ਐਸ. ਭੱਲਾ ਵਿਰੁੱਧ ਅਨੁਸ਼ਾਸਨੀ ਕਾਰਵਾਈ ਕਰਨ ਉੱਤੇ ਵਿਚਾਰ ਹੋਈ।

ਸਿੰਡੀਕੇਟ ਵੱਲੋਂ ਹੇਠ ਲਿਖੇ **ਨੋਟ**-1 ਅਤੇ **ਨੋਟ**-2 ਉਤੇ ਵੀ **ਵਿਚਾਰ ਹੋਈ**

**ਨੋਟ**1:- ਡਾ. ਜੀ.ਐਸ. ਭੱਲਾ ਵੱਲੋਂ ਚਾਰਜਸ਼ੀਟ ਦਾ ਉੱਤਰ ਦੇਣ ਲਈ ਮੰਗੇ ਗਏ ਦਸਤਾਵੇਜ ਉਨ੍ਹਾਂ ਨੂੰ ਮੁੱਹਈਆ ਕਰਵਾਏ ਗਏ। RTI ਅਧੀਨ ਮੰਗੇ ਗਏ ਦਸਤਾਵੇਜ ਉਨ੍ਹਾਂ ਨੂੰ ਮੁੱਹਈਆ ਨਾ ਕਰਵਾਉਣ ਸਬੰਧੀ ਸੂਚਿਤ ਕਰ ਦਿੱਤਾ ਗਿਆ ਸੀ। ਪ੍ਰੰਤੂ ਉਸ ਵੱਲੋਂ ਚਾਰਜਸ਼ੀਟ ਦਾ ਉੱਤਰ ਦੇਣ ਲਈ RTI ਅਧੀਨ ਦਸਤਾਵੇਜਾਂ ਦੀ ਮੰਗ ਕੀਤੀ ਜਾ ਰਹੀ ਹੈ।

**ਨੋਟ**2:- ਡਾ. ਜੀ.ਐਸ. ਭੱਲਾ ਵੱਲੋਂ ਆਪਣਾ ਪੱਖ ਵਾਈਸ-ਚਾਂਸਲਰ ਸਾਹਿਬ ਅੱਗੇ ਰੱਖਣ ਲਈ ਉਸਨੂੰ ਮਿਤੀ 22.9.2011 ਨੂੰ ਮੌਕਾ ਦਿੱਤਾ ਗਿਆ। ਉਨ੍ਹਾਂ ਵੱਲੋਂ ਦਿੱਤਾ ਗਿਆ ਉੱਤਰ **ਅੰਤਿਕਾ**-II ਅਨੁਸਾਰ ਹੈ, ਜਿਸ ਵਿਚ ਉਨ੍ਹਾਂ ਨੇ ਆਪਣੀ ਗਲਤੀ ਮੰਨੀ ਹੈ।

ਡਾ. ਜੀ.ਐਸ. ਭੱਲਾ ਵੱਲੋਂ ਮਿਤੀ 9.6.2011 ਨੂੰ ਦਿੱਤੀ ਚਾਰਜਸ਼ੀਟ (**ਅੰਤਿਕਾ-I**) ਸਬੰਧੀ ਪ੍ਰਾਪਤ ਉੱਤਰ 21.6.2011 ਅਤੇ 22.9.2011 ਨੂੰ ਨਿੱਜੀ ਤੌਰ ਤੇ ਸੁਣਵਾਈ (Personal hearing) ਸਮੇਂ ਦਿੱਤੇ ਉੱਤਰ ਨੂੰ ਘੋਖਿਆ ਗਿਆ। ਵਾਈਸ-ਚਾਂਸਲਰ ਸਾਹਿਬ ਵੱਲੋਂ ਮਿਤੀ 22.9.2011 ਨੂੰ ਉਸਨੂੰ ਨਿੱਜੀ ਤੌਰ ਤੇ ਸੁਣਨ (Personal hearing) ਸਮੇਂ ਡਾ. ਭੱਲਾ ਵੱਲੋਂ ਲਿਖਤੀ ਰੂਪ ਵਿਚ ਉਸ ਉੱਤੇ ਲੱਗੇ ਦੋਸ਼ਾਂ ਨੂੰ ਸਵੀਕਾਰ ਕਰਨ ਅਤੇ ਉਸ ਵੱਲੋਂ ਮੁਆਫ ਕਰਨ ਦੀ ਮੰਗ ਨੂੰ ਵਿਚਾਰਿਆ ਗਿਆ।

**ਪਾਸ ਹੋਇਆ** ਕਿ ਕਿਉਂਕਿ ਡਾ. ਜੀ.ਐਸ. ਭੱਲਾ ਨੇ ਉਸ ਉੱਤੇ ਲੱਗੇ ਦੋਸ਼ਾਂ ਨੂੰ ਖੁਦ ਸਵੀਕਾਰ ਕੀਤਾ ਹੈ, ਇਸ ਲਈ ਉਸ ਨੂੰ ਨਿਯਮਾਂ ਮੁਤਾਬਕ ਯੂਨੀਵਰਸਿਟੀ ਸੇਵਾ ਤੋਂ ਬਰਖਾਸਤ (Dismiss) ਕਰਨਾ ਬਣਦਾ ਹੈ, ਪਰ ਉਸਦੀ ਯੂਨੀਵਰਸਿਟੀ ਵਿਖੇ ਲੰਮੀ ਸੇਵਾ ਨੂੰ ਮੁੱਖ ਰੱਖਦਿਆਂ ਉਸਨੂੰ **"ਕਾਰਨ ਦੱਸੋ ਨੋਟਿਸ"** ਜਾਰੀ ਕੀਤਾ ਜਾਵੇ ਕਿ ਕਿਉਂ ਨਾ ਉਸਨੂੰ ਯੂਨੀਵਰਸਿਟੀ ਦੀ ਸੇਵਾ ਤੋਂ ਬਰਖਾਸਤ (Dismiss) ਕਰ ਦਿੱਤਾ ਜਾਵੇ।

**ਵੱਖ-ਵੱਖ ਅਸਾਮੀਆਂ ਲਈ ਚੋਣ ਕਮੇਟੀਆਂ ਦੀਆਂ ਸਿਫ਼ਾਰਸ਼ਾਂ।**

79. ਹੇਠ ਲਿਖੀਆਂ ਵੱਖ-ਵੱਖ ਅਸਾਮੀਆਂ ਲਈ ਚੋਣ-ਕਮੇਟੀਆਂ ਦੀਆਂ ਸਿਫ਼ਾਰਸ਼ਾਂ **ਅੰਤਿਕਾਵਾਂ** ਅਨੁਸਾਰ ਉਤੇ ਵਿਚਾਰ ਹੋਈ:-

**UGC Career Advancement Scheme**

| | | |
|---|---|---|
| 1. | Professor, Physics | Dr. S.S. Malik, Assoc. Prof. |
| 2. | Professor, Zoology | Dr. (Mrs.) Satwinder Kaur Dhillon, Assoc. Prof. |

| | | |
|---|---|---|
| 3. | Professor, Zoology | Dr. Anish Kumar Dua, Assoc. Prof. |
| 4. | Professor, Microbiology | Rajesh Kumari, Assoc. Prof. |
| 5. | Professor, Human Genetics | Dr. Gursatej Gandhi, Assoc. Prof. |
| 6. | Professor, Botanical & Environmental Sciences | Dr. Saroj Bala, Assoc. Prof. |
| 7. | Professor, Chemistry | Dr. Damanjit Kaur, Assoc. Prof. |
| 8. | Professor, Economics | Dr. Kuldip Kaur, Assoc. Prof. |
| 9. | Professor, Laws | Dr. Jaspal Singh, Assoc. Prof. |
| 10. | Professor, Laws | Dr. Rattan Singh, Assoc. Prof. |
| 11. | Professor, Food Sci. & Technology | Dr. Navdeep Singh Sodhi, Assoc. Prof. |
| 12. | Professor, Food Sci. & Technology | Dr. Dalbir Singh, Assoc. Prof. |

**Open Selection(Teaching)**

1. Professor, Phsysics
2. Professor, Chemistry
3. Assoc. Professor, Computer Sci. & Engg.- for GNDU Campus, Amritsar
4. Assoc. Professor, Computer Sci & Engg-for Regional Campus, Jalandhar
5. Assoc. Professor, Computer Sci & Engg-for Regional Campus, Gurdaspur
6. Assoc. Professor, Pharm. Scs.
7. Asstt. Professor, Physics
8. Asstt. Professor, Computer Sci. & Engg.-for GNDU Campus,
9. Asstt. Professor, Computer Sci. & Engg.-for Verka College
10. Asstt. Professor, Computer Sci. & Engg.-for Regioanl Campus, Sathiala
11. Asstt. Professor, Computer Sci. & Engg.-for Regional Campus, Jalandhar
12. Asstt. Professor, Physics-for Bebe Nanaki University College, Mithra
13. Asstt. Professor, Physics-for University College, Chung
14. Asstt. Professor, Physics-for University College, Narote Jaimal Singh
15. Asstt. Professor, Physics-for University College, Verka
16. Asstt. Professor, English-for Bebe Nanaki University College, Mithra
17. Asstt. Professor, English -for University College, Chung
18. Asstt. Professor, English -for University College, Verka
19. Asstt. Professor, Mathematics -for GNDU Campus
20. Asstt. Professor, Mathematics -for Bebe Nanaki University College, Mithra
21. Asstt. Professor, Mathematics -for University College, Chung
22. Asstt. Professor, Mathematics -for University College, Narote Jaimal Singh

23. Asstt. Professor, Mathematics -for University College, Verka
24. Asstt. Professor, Economics - for GNDU Campus Jalandhar
25. Asstt. Professor, Economics - for Bebe Nanaki University College, Mithra
26. Asstt. Professor, Economics -for University College, Chung
27. Asstt. Professor, Economics -for University College, Narote Jaimal Singh
28. Asstt. Professor, Economics-for University College, Verka
29. Asstt. Professor, Business Mangement - for Regional Campus Gurdaspur
30. Asstt. Professor, Commerce - for Bebe Nanaki University College, Mithra
31. Asstt. Professor, Commerce -for University College, Chung
32. Asstt. Professor, Commerce -for University College, Narote Jaimal Singh
33. Asstt. Professor, Commerce - for University College, Verka
34. Asstt. Professor, Commerce & Business Mangement -for Regional Campus, Sathiala
35. Asstt. Professor, Psychology - Bebe Nanaki University College, Mithra
36. Asstt. Professor, Psychology - University College, Chung
37. Asstt. Professor, Psychology - University College, Narote Jaimal Singh
38. Asstt. Professor, Psychology - University College, Verka
39. Asstt. Professor, Sociology - Bebe Nanaki University College, Mithra
40. Asstt. Professor, Sociology - University College, Verka
41. Asstt. Professor, Laws - for GNDU Campus, Amritsar
42. Asstt. Professor, Laws - for Regioanal Campus, Jalandhar
43. Asstt. Professor, Laws - for Regioanl Campus, Gurdaspur
44. Asstt. Professor, History- for School of Social Sciences
45. Asstt. Professor, History- for SRSPM College, Niari
46. Asstt. Professor, History- for Bebe Nanaki University College, Mithra
47. Asstt. Professor, History- for University College, Verka
48. Asstt. Professor, Lib. & Inf. Sc., GNDU, Campus
49. Asstt. Professor, Pol. Sc.- SRSPM College, Niari
50. Asstt. Professor, Pol. Sc., University College, Chung
51. Asst. Professor, Pol. Sc., University College, Narote Jaimal Singh
52. Asstt. Professor, Food Sc. & Technology
53. Asstt. Professor, English- for GNDU Campus, Amritsar
54. Asstt. professor, English- for ASSM College, Mukandpur
55. Asstt. Professor, English- SRSPM College, Niari

**Non-Teaching**

1. Deputy Registrar

**Sr. Scale to Asstt. Professor**

1. Dr. Rajesh Kumar, Asstt. Prof., School of Social Sciences- From Stage 1 to Stage 2
2. Dr. Vandana Bhalla, Asstt. Prof., Chemistry- From Stage 1 to Stage 2
3. Dr. Pooja Chadha, Asstt. Prof., Zoology- From Stage 1 to Stage 2
4. Dr. Puja Ohri, Asstt. Prof.-cum-Curator, Zoology- From Stage 1 to Stage 2
5. Dr. Amarjit Kaur, Asstt. Prof., Microbiology- From Satge 1 to Stage 2
6. Dr. Badaruddoza, Asstt. Prof., Human Genetics- From Stage 2 to Stage 3.
7. Dr. Abdul Faruk, Asstt. Prof., Pharm. Scs.- From Stage 2 to Stage 3
8. Dr. Gurpreet Kaur Randhawa, Asstt. Prof, C.B.M.- From Stage 1 to Stage 2
9. Dr. Jatinder Kaur, Asstt. Prof., Bot. & Env. Scs.,- From Stage 1 to Stage 2

**ਪਾਸ ਹੋਇਆ ਕਿ** (ੳ) ਹੇਠ ਲਿਖੇ ਅਨੁਸਾਰ ਅਧਿਆਪਕਾਂ ਨੂੰ ਉਨ੍ਹਾਂ ਸਾਹਮਣੇ ਦਰਸਾਏ ਵੇਰਵੇ ਅਨੁਸਾਰ ਯੂ.ਜੀ.ਸੀ. ਕੈਰੀਅਰ ਐਡਵਾਂਸਮੈਂਟ ਸਕੀਮ ਅਧੀਨ ਪ੍ਰਮੋਟ ਕੀਤਾ ਜਾਂਦਾ ਹੈ:-

| | |
|---|---|
| 1. ਡਾ. ਐਸ.ਐਸ. ਮਲਿਕ<br>ਐਸੋਸੀਏਟ ਪ੍ਰੋਫੈਸਰ, ਫਿਜਿਕਸ | ਪ੍ਰੋਫੈਸਰ ਵਜੋਂ ਯੋਗ ਹੋਣ ਦੀ ਮਿਤੀ ਤੋਂ |
| 2. ਡਾ. ਸਤਵਿੰਦਰ ਕੌਰ<br>ਐਸੋਸੀਏਟ ਪ੍ਰੋਫੈਸਰ, ਜੁਆਲੋਜੀ | ਪ੍ਰੋਫੈਸਰ ਵਜੋਂ ਮਿਤੀ 16.8.2011 ਤੋਂ |
| 3. ਡਾ. ਅਨੀਸ਼ ਕੁਮਾਰ ਦੁਆ<br>ਐਸੋਸੀਏਟ ਪ੍ਰੋਫੈਸਰ, ਜੁਆਲੋਜੀ | ਪ੍ਰੋਫੈਸਰ ਵਜੋਂ ਮਿਤੀ 16.8.2011 ਤੋਂ |
| 4. ਡਾ. ਸਰੋਜ ਬਾਲਾ<br>ਐਸੋਸੀਏਟ ਪ੍ਰੋਫੈਸਰ, ਬੋਟਾਨੀਕਲ ਐਂਡ ਇਨਵਾਇਰਨਮੈਂਟਲ ਸਾਇੰਜ਼ | ਪ੍ਰੋਫੈਸਰ ਵਜੋਂ ਯੋਗ ਹੋਣ ਦੀ ਮਿਤੀ ਤੋਂ |
| 5. ਡਾ. ਦਮਨਜੀਤ ਕੌਰ<br>ਐਸੋਸੀਏਟ ਪ੍ਰੋਫੈਸਰ, ਕੈਮਿਸਟਰੀ | ਪ੍ਰੋਫੈਸਰ ਵਜੋਂ ਮਿਤੀ 20.9.2011 ਤੋਂ |
| 6. ਡਾ. ਕੁਲਦੀਪ ਕੌਰ<br>ਐਸੋਸੀਏਟ ਪ੍ਰੋਫੈਸਰ, ਪੰਜਾਬ ਸਕੂਲ ਆਫ ਇਕਨਾਮਿਕਸ | ਪ੍ਰੋਫੈਸਰ ਵਜੋਂ ਯੋਗ ਹੋਣ ਦੀ ਮਿਤੀ ਤੋਂ |
| 7. ਡਾ. ਜਸਪਾਲ ਸਿੰਘ<br>ਐਸੋਸੀਏਟ ਪ੍ਰੋਫੈਸਰ, ਲਾਅ | ਪ੍ਰੋਫੈਸਰ ਵਜੋਂ ਮਿਤੀ 24.9.2011 ਤੋਂ |
| 8. ਡਾ. ਦਲਬੀਰ ਸਿੰਘ<br>ਐਸੋਸੀਏਟ ਪ੍ਰੋਫੈਸਰ, ਫੂਡ ਸਾਇੰਸ ਐਂਡ ਟੈਕਨਾਲੋਜੀ | ਪ੍ਰੋਫੈਸਰ ਵਜੋਂ ਯੋਗ ਹੋਣ ਦੀ ਮਿਤੀ ਤੋਂ |

ਇਹ **ਨੋਟ** ਕੀਤਾ ਕਿ ਚੋਣ-ਕਮੇਟੀ ਨੇ ਡਾ. ਰਾਜੇਸ਼ ਕੁਮਾਰੀ, ਐਸੋਸੀਏਟ ਪ੍ਰੋਫੈਸਰ, ਮਾਈਕ੍ਰੋਬਿਆਲੋਜੀ ਵਿਭਾਗ, ਡਾ. ਗੁਰਸਤੇਜ ਗਾਂਧੀ, ਐਸੋਸੀਏਟ ਪ੍ਰੋਫੈਸਰ, ਹਿਊਮਨ ਜੈਨੇਟਿਕਸ ਵਿਭਾਗ, ਡਾ. ਰਤਨ ਸਿੰਘ, ਐਸੋਸੀਏਟ ਪ੍ਰੋਫੈਸਰ, ਲਾਅ ਵਿਭਾਗ ਅਤੇ ਡਾ. ਨਵਦੀਪ ਸਿੰਘ ਸੋਢੀ, ਐਸੋਸੀਏਟ ਪ੍ਰੋਫੈਸਰ, ਫੂਡ ਸਾਇੰਸ ਤੇ ਟੈਕਨਾਲੋਜੀ ਵਿਭਾਗ ਨੂੰ ਪ੍ਰੋਫੈਸਰ ਵਜੋਂ ਪ੍ਰਮੋਟ ਕਰਨ ਦੀ ਸਿਫਾਰਸ਼ ਨਹੀਂ ਕੀਤੀ।

(ਅ) **ਪਾਸ ਹੋਇਆ** ਕਿ ਹੇਠ ਲਿਖੀਆਂ ਵੱਖ-ਵੱਖ ਅਸਾਮੀਆਂ ਲਈ ਉਨ੍ਹਾਂ ਸਾਹਮਣੇ ਦਰਸਾਏ ਅਨੁਸਾਰ ਵਿਅਕਤੀਆਂ ਨੂੰ ਨਿਯੁਕਤ ਕੀਤਾ ਜਾਂਦਾ ਹੈ:-

**Open Selection**

**Teaching**

| | |
|---|---|
| 1. ਪ੍ਰੋਫੈਸਰ, ਕੈਮਿਸਟਰੀ | ਡਾ. ਪਲਵਿੰਦਰ ਸਿੰਘ |
| 2. ਐਸੋਸੀਏਟ ਪ੍ਰੋਫੈਸਰ, ਕੰਪਿਊਟਰ ਸਾਇੰਸ ਐਂਡ ਇੰਜੀਨੀਰਿੰਗ | ਡਾ. ਸੰਦੀਪ ਸ਼ਰਮਾ |
| 3. ਐਸੋਸੀਏਟ ਪ੍ਰੋਫੈਸਰ, ਕੰਪਿਊਟਰ ਸਾਇੰਸ ਐਂਡ ਇੰਜੀਨੀਰਿੰਗ, ਰਿਜਨਲ ਕੈਂਪਸ, ਗੁਰਦਾਸਪੁਰ | ਡਾ. ਸੰਦੀਪ ਕੁਮਾਰ ਸੂਦ |
| 4. ਐਸੋਸੀਏਟ ਪ੍ਰੋਫੈਸਰ, ਫਾਰਮਾਸੀਊਟੀਕਲ ਸਾਇੰਸਜ਼ | ਡਾ. ਸੁਭੀਤ ਕੁਮਾਰ ਜੈਨ |
| 5. ਅਸਿਸਟੈਂਟ ਪ੍ਰੋਫੈਸਰ, ਫਿਜਿਕਸ | 1. ਡਾ. ਬਿੰਦੀਆ ਅਰੋੜਾ<br>2. ਡਾ. ਸੁਖਦੀਪ ਕੌਰ<br>3. ਡਾ. ਅਨੁਪਿੰਦਰ ਸਿੰਘ |
| 6. ਅਸਿਸਟੈਂਟ ਪ੍ਰੋਫੈਸਰ, ਕੰਪਿਊਟਰ ਸਾਇੰਸ ਐਂਡ ਇੰਜੀਨੀਰਿੰਗ | 1. ਰਵਰੀਤ ਕੌਰ<br>2. ਰਮਨਦੀਪ ਕੌਰ<br>3. ਪ੍ਰਭਪ੍ਰੀਤ ਕੌਰ<br>4. ਮੀਨੂੰ (SC) |
| 7. ਅਸਿਸਟੈਂਟ ਪ੍ਰੋਫੈਸਰ, ਕੰਪਿਊਟਰ ਸਾਇੰਸ ਐਂਡ ਇੰਜੀਨੀਰਿੰਗ, ਰਿਜਨਲ ਕੈਂਪਸ, ਸਠਿਆਲਾ। | 1. ਗੁਰਿੰਦਰਬੀਰ ਕੌਰ ਸਿੱਧੂ<br>2. ਸੰਦੀਪ ਕੌਰ<br>3. ਸਤਿੰਦਰ ਕੌਰ<br>**ਉਡੀਕ ਸੂਚੀ ਤੇ:-**<br>1. ਸ੍ਰੀ ਤੇਜਪ੍ਰੀਤ ਸਿੰਘ |
| 8. ਅਸਿਸਟੈਂਟ ਪ੍ਰੋਫੈਸਰ, ਕੰਪਿਊਟਰ ਸਾਇੰਸ ਐਂਡ ਇੰਜੀਨੀਰਿੰਗ, ਰਿਜਨਲ ਕੈਂਪਸ, ਜਲੰਧਰ। | ਮਿਸਿਜ਼ ਵਰਿੰਦਰ ਕੌਰ ਅੱਤਰੀ |
| 9. ਅਸਿਸਟੈਂਟ ਪ੍ਰੋਫੈਸਰ, ਫਿਜਿਕਸ, ਬੇਬੇ ਨਾਨਕੀ ਯੂਨੀਵਰਸਿਟੀ ਕਾਲਜ, ਮਿਠੱੜਾ। | ਸ੍ਰੀ ਨਵਪ੍ਰੀਤ ਸਿੰਘ |
| 10. ਅਸਿਸਟੈਂਟ ਪ੍ਰੋਫੈਸਰ, ਫਿਜਿਕਸ, ਯੂਨੀਵਰਸਿਟੀ ਕਾਲਜ, ਚੁੰਘ। | ਮਿਸ. ਰਮਨਪ੍ਰੀਤ ਕੌਰ ਔਲਖ |
| 11. ਅਸਿਸਟੈਂਟ ਪ੍ਰੋਫੈਸਰ, ਫਿਜਿਕਸ, ਯੂਨੀਵਰਸਿਟੀ ਕਾਲਜ, ਨਰੋਟ ਜੈਮਲ ਸਿੰਘ | ਸ੍ਰੀ ਗੁਰਪ੍ਰੀਤ ਸਿੰਘ |
| 12. ਅਸਿਸਟੈਂਟ ਪ੍ਰੋਫੈਸਰ, ਫਿਜਿਕਸ, ਯੂਨੀਵਰਸਿਟੀ ਕਾਲਜ, ਵੇਰਕਾ। | 1. ਮਿਸ ਮਨਿੰਦਰ ਕੌਰ<br>2. ਮਿਸ ਸੋਨਿਕਾ ਠਾਕੁਰ |
| 13. ਅਸਿਸਟੈਂਟ ਪ੍ਰੋਫੈਸਰ, ਅੰਗਰੇਜੀ, ਬੇਬੇ ਨਾਨਕੀ ਯੂਨੀਵਰਸਿਟੀ ਕਾਲਜ, ਮਿਠੱੜਾ। | ਮਿਸ. ਅਰਪਨਾ |
| 14. ਅਸਿਸਟੈਂਟ ਪ੍ਰੋਫੈਸਰ, ਅੰਗਰੇਜੀ, ਯੂਨੀਵਰਸਿਟੀ ਕਾਲਜ, ਵੇਰਕਾ। | ਮਿਸਿਜ਼ ਪੁਨੀਤ ਰੰਧਾਵਾ |
| 15. ਅਸਿਸਟੈਂਟ ਪ੍ਰੋਫੈਸਰ, ਗਣਿਤ | ਸ੍ਰੀ ਸੁਰਿੰਦਰਪਾਲ ਸਿੰਘ ਕੈਂਥ |
| 16. ਅਸਿਸਟੈਂਟ ਪ੍ਰੋਫੈਸਰ, ਗਣਿਤ, ਬੇਬੇ ਨਾਨਕੀ ਯੂਨੀਵਰਸਿਟੀ ਕਾਲਜ, ਮਿਠੱੜਾ। | ਸ੍ਰੀ ਜਗਜੀਤ ਸਿੰਘ |
| 17. ਅਸਿਸਟੈਂਟ ਪ੍ਰੋਫੈਸਰ, ਗਣਿਤ, ਯੂਨੀਵਰਸਿਟੀ ਕਾਲਜ, ਚੁੰਘ। | ਸ. ਗੁਰਚਰਨਜੀਤ ਸਿੰਘ |

| | |
|---|---|
| 18. ਅਸਿਸਟੈਂਟ ਪ੍ਰੋਫੈਸਰ, ਗਣਿਤ, ਯੂਨੀਵਰਸਿਟੀ ਕਾਲਜ, ਨਰੋਟ ਜੈਮਲ ਸਿੰਘ | ਸ੍ਰੀ ਸਰਬਜੀਤ ਸਿੰਘ<br>**<u>ਉਡੀਕ ਸੂਚੀ ਤੇ:-</u>**<br>1. ਸ੍ਰੀ ਲੱਕੀ ਸ਼ਰਮਾ |
| 19. ਅਸਿਸਟੈਂਟ ਪ੍ਰੋਫੈਸਰ, ਗਣਿਤ, ਯੂਨੀਵਰਸਿਟੀ ਕਾਲਜ, ਵੇਰਕਾ। | ਤਰਲੋਕ ਸਿੰਘ ਸਪੁੱਤਰ ਸ੍ਰੀ ਸੁਖਬੀਰ ਸਿੰਘ<br>ਨਿਯੁਕਤੀ ਇਕ ਸਾਲ ਲਈ ਹੋਵੇਗੀ, ਪ੍ਰੰਤੂ ਦੁਬਾਰਾ ਇੰਟਰਵਿਊ ਲਈ ਜਾਵੇਗੀ। |
| 20. ਅਸਿਸਟੈਂਟ ਪ੍ਰੋਫੈਸਰ, ਇਕਨਾਮਿਕਸ, ਯੂਨੀਵਰਸਿਟੀ ਕਾਲਜ, ਚੁੰਘ। | ਡਾ. ਗੁਰਿੰਦਰਜੀਤ ਕੌਰ |
| 21. ਅਸਿਸਟੈਂਟ ਪ੍ਰੋਫੈਸਰ, ਬਿਜਨੈਸ ਮੈਨੇਜਮੈਂਟ, ਰਿਜਨਲ ਕੈਂਪਸ, ਗੁਰਦਾਸਪੁਰ। | ਡਾ. ਅਰਵਿੰਦਰ ਸਿੰਘ |
| 22. ਅਸਿਸਟੈਂਟ ਪ੍ਰੋਫੈਸਰ, ਕਾਮਰਸ, ਬੇਬੇ ਨਾਨਕੀ ਯੂਨੀਵਰਸਿਟੀ ਕਾਲਜ, ਮਿਠੱੜਾ। | 1. ਮਿਸਿਜ਼ ਗੁਰਪ੍ਰੀਤ ਕੌਰ<br>2. ਮਿਸ. ਪਰਮਜੀਤ ਕੌਰ<br>**<u>ਉਡੀਕ ਸੂਚੀ ਤੇ:-</u>**<br>1. ਮਿਸ. ਹਰਮਨਪ੍ਰੀਤ ਕੌਰ |
| 23. ਅਸਿਸਟੈਂਟ ਪ੍ਰੋਫੈਸਰ, ਕਾਮਰਸ, ਯੂਨੀਵਰਸਿਟੀ ਕਾਲਜ, ਚੁੰਘ। | ਡਾ. ਮਨਜਿੰਦਰ ਕੌਰ |
| 24. ਅਸਿਸਟੈਂਟ ਪ੍ਰੋਫੈਸਰ, ਕਾਮਰਸ, ਯੂਨੀਵਰਸਿਟੀ ਕਾਲਜ, ਨਰੋਟ ਜੈਮਲ ਸਿੰਘ। | 1. ਡਾ. ਪੂਨਮ ਮਹਾਜਨ<br>2. ਮਿਸਿਜ਼ ਸੁਖਜਿੰਦਰ ਕੌਰ |
| 25. ਅਸਿਸਟੈਂਟ ਪ੍ਰੋਫੈਸਰ, ਸਾਈਕਾਲੋਜੀ, ਬੇਬੇ ਨਾਨਕੀ ਯੂਨੀਵਰਸਿਟੀ ਕਾਲਜ , ਮਿੱਠੜਾ। | ਪਰਵਿੰਦਰ ਸਿੰਘ |
| 26. ਅਸਿਸਟੈਂਟ ਪ੍ਰੋਫੈਸਰ, ਸਾਈਕਾਲੋਜੀ, ਯੂਨੀਵਰਸਿਟੀ ਕਾਲਜ, ਵੇਰਕਾ। | ਡਾ. ਨਿਸ਼ਾ ਛਾਬੜਾ |
| 27. ਅਸਿਸਟੈਂਟ ਪ੍ਰੋਫੈਸਰ, ਸੋਸ਼ਿਆਲੋਜੀ, ਬੇਬੇ ਨਾਨਕੀ ਯੂਨੀਵਰਸਿਟੀ ਕਾਲਜ, ਮਿਠੜਾ। | ਸ੍ਰੀ ਜਗਸੀਰ ਸਿੰਘ |
| 28. ਅਸਿਸਟੈਂਟ ਪ੍ਰੋਫੈਸਰ, ਸੋਸ਼ਿਆਲੋਜੀ, ਯੂਨੀਵਰਸਿਟੀ ਕਾਲਜ, ਵੇਰਕਾ। | ਮਿਸਿਜ਼ ਸ਼ੇਫਾਲੀ ਬੇਦੀ |
| 29. ਅਸਿਸਟੈਂਟ ਪ੍ਰੋਫੈਸਰ, ਹਿਸਟਰੀ, ਐਸ.ਆਰ.ਐਸ.ਪੀ.ਐਮ. ਕਾਲਜ, ਨਿਆੜੀ। | ਸ੍ਰੀ ਜਸਬੀਰ ਸਿੰਘ |
| 30. ਅਸਿਸਟੈਂਟ ਪ੍ਰੋਫੈਸਰ, ਹਿਸਟਰੀ, ਯੂਨੀਵਰਸਿਟੀ ਕਾਲਜ, ਵੇਰਕਾ। | ਸ੍ਰੀ ਸੁਖਮਨਿੰਦਰਪਾਲ ਸਿੰਘ |
| 31. ਅਸਿਸਟੈਂਟ ਪ੍ਰੋਫੈਸਰ, ਲਾਇਬ੍ਰੇਰੀ ਐਂਡ ਇਨਫਰਮੇਸ਼ਨ ਸਾਇੰਸ | ਮਿਸਿਜ਼ ਸਤਵਿੰਦਰਪਾਲ ਕੌਰ |
| 32. ਅਸਿਸਟੈਂਟ ਪ੍ਰੋਫੈਸਰ, ਪੋਲੀਟੀਕਲ ਸਾਇੰਸ, ਐਸ.ਆਰ.ਐਸ.ਪੀ.ਐਮ. ਕਾਲਜ, ਨਿਆੜੀ। | ਡਾ. ਮਨਜੀਤ ਕੌਰ |
| 33. ਅਸਿਸਟੈਂਟ ਪ੍ਰੋਫੈਸਰ, ਫੂਡ ਸਾਇੰਸ ਐਂਡ ਟੈਕਨਾਲੋਜੀ | ਡਾ. ਭਵਨੀਤਾ ਢਿੱਲੋਂ |
| 34. ਅਸਿਸਟੈਂਟ ਪ੍ਰੋਫੈਸਰ, ਅੰਗਰੇਜੀ | ਡਾ. ਸੁਮਨੀਤ ਕੌਰ |
| 35. ਅਸਿਸਟੈਂਟ ਪ੍ਰੋਫੈਸਰ, ਅੰਗਰੇਜੀ, ਏ.ਐਸ.ਐਸ.ਐਮ. ਕਾਲਜ, ਮੁਕੰਦਪੁਰ | ਸ੍ਰੀ ਨਕੁਲ ਕੁੰਦਰਾ |

**<u>Non-Teaching</u>**

| | |
|---|---|
| ਉਪ-ਰਜਿਸਟਰਾਰ | 1. ਸ. ਸੁਖਨੰਦਨ ਸਿੰਘ<br>2. ਡਾ. ਰਾਜੇਸ਼ ਕਾਲੀਆ<br>3. ਮਿਸ ਰਿਤੂ ਭੱਟੀ |

(ੲ) **ਪਾਸ ਹੋਇਆ** ਕਿ ਹੇਠ ਲਿਖੇ ਵਿਅਕਤੀਆਂ ਨੂੰ ਉਨ੍ਹਾਂ ਸਾਹਮਣੇ ਦਰਸਾਏ ਵੇਰਵੇ ਅਨੁਸਾਰ ਯੋਗ ਹੋਣ ਦੀ ਮਿਤੀ ਤੋਂ ਸੀਨੀਅਰ ਸਕੇਲ ਦੇਣ ਦੀ ਪਰਵਾਨਗੀ ਦਿੱਤੀ ਜਾਂਦੀ ਹੈ:-

1. ਡਾ. ਰਾਜੇਸ਼ ਕੁਮਾਰ, ਅਸਿਸਟੈਂਟ ਪ੍ਰੋਫੈਸਰ ਸਕੂਲ ਆਫ ਸੋਸ਼ਲ ਸਾਇੰਸਜ਼ (ਸਟੇਜ 1 ਤੋਂ ਸਟੇਜ 2)
2. ਡਾ.(ਮਿਸਿਜ਼) ਵੰਦਨਾ ਭੱਲਾ, ਅਸਿਸਟੈਂਟ ਪ੍ਰੋਫੈਸਰ, ਕੈਮਿਸਟਰੀ (ਸਟੇਜ 1 ਤੋਂ ਸਟੇਜ 2)
3. ਡਾ. ਪੂਜਾ ਚੱਢਾ, ਅਸਿਸਟੈਂਟ ਪ੍ਰੋਫੈਸਰ, ਜ਼ੁਆਲੋਜੀ (ਸਟੇਜ 1 ਤੋਂ ਸਟੇਜ 2)
4. ਡਾ. ਪੂਜਾ ਓਹਰੀ, ਅਸਿਸਟੈਂਟ ਪ੍ਰੋਫੈਸਰ-ਕਮ-ਕਿਊਰੇਟਰ, ਜ਼ੁਆਲੋਜੀ (ਸਟੇਜ 1 ਤੋਂ ਸਟੇਜ 2)
5. ਡਾ. ਅਮਰਜੀਤ ਕੌਰ, ਅਸਿਸਟੈਂਟ ਪ੍ਰੋਫੈਸਰ, ਮਾਈਕ੍ਰੋਬਿਆਲੋਜੀ (ਸਟੇਜ 1 ਤੋਂ ਸਟੇਜ 2)
6. ਡਾ. ਬਦਾਰੂਦੋਜਾ, ਅਸਿਸਟੈਂਟ ਪ੍ਰੋਫੈਸਰ, ਹਿਊਮਨ ਜੈਨੇਟਿਕਸ (ਸਟੇਜ 2 ਤੋਂ ਸਟੇਜ 3)
7. ਡਾ. ਅਬਦੁਲ ਫਾਰੂਕ, ਅਸਿਸਟੈਂਟ ਪ੍ਰੋਫੈਸਰ, ਫਾਰਮਾਸਿਊਟਿਕਲ ਸਾਇੰਸਜ਼ (ਸਟੇਜ 2 ਤੋਂ ਸਟੇਜ 3)
8. ਡਾ. ਗੁਰਪ੍ਰੀਤ ਕੌਰ ਰੰਧਾਵਾ, ਅਸਿਸਟੈਂਟ ਪ੍ਰੋਫੈਸਰ, ਕਾਮਰਸ ਐਂਡ ਬਿਜ਼ਨੈਸ ਮੈਨੇਜਮੈਂਟ (ਸਟੇਜ 1 ਤੋਂ ਸਟੇਜ 2)
9. ਡਾ. (ਮਿਸਿਜ਼) ਜਤਿੰਦਰ ਕੌਰ, ਅਸਿਸਟੈਂਟ ਪ੍ਰੋਫੈਸਰ, ਬੋਟਾਨੀਕਲ ਐਂਡ ਇਨਵਾਇਰਨਮੈਂਟਲ ਸਾਇੰਸਜ਼ (ਸਟੇਜ 1 ਤੋਂ ਸਟੇਜ 2)

**ਮਿਸਿਜ਼ ਨਿਰਮਲਾ ਦੇਵੀ, ਸਹਾਇਕ ਪ੍ਰੋਫੈਸਰ, ਕਾਨੂੰਨ ਵਿਭਾਗ, ਰਿਜਨਲ ਕੈਂਪਸ, ਜਲੰਧਰ ਨੂੰ ਸਟੱਡੀ ਲੀਵ ਦੀ ਪਰਵਾਨਗੀ।**

80. ਸਟੱਡੀ ਲੀਵ ਕੇਸਾਂ ਤੇ ਵਿਚਾਰ ਹਿਤ ਗਠਿਤ ਐਡਵਾਈਜ਼ਰੀ ਕਮੇਟੀ ਦੀ ਇੱਕਤਰਤਾ ਮਿਤੀ 23.9.2011 ਦੀ ਸਿਫਾਰਸ਼ (**ਅੰਤਿਕਾ** ਅਨੁਸਾਰ) ਨੂੰ ਮੁੱਖ ਰੱਖਦਿਆਂ ਵਾਈਸ-ਚਾਂਸਲਰ ਸਾਹਿਬ ਦੀ ਸਿਫਾਰਸ਼ ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਮਿਸਿਜ਼ ਨਿਰਮਲਾ ਦੇਵੀ, ਸਹਾਇਕ ਪ੍ਰੋਫੈਸਰ, ਕਾਨੂੰਨ ਵਿਭਾਗ, ਰਿਜਨਲ ਕੈਂਪਸ, ਜਲੰਧਰ ਨੂੰ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਿਖੇ ਪੀਐਚ.ਡੀ. ਕਰਨ ਹਿਤ ਮਿਤੀ 27.9.2011 ਤੋਂ 30.12.2011 ਤੱਕ ਲਈ ਪੂਰੀ ਤਨਖਾਹ ਤੇ ਨਿਯਮਾਂ ਅਨੁਸਾਰ ਸਟੱਡੀ ਲੀਵ ਦੀ ਪਰਵਾਨਗੀ ਦਿੱਤੀ ਜਾਂਦੀ ਹੈ।

**ਬੀ.ਐਸ.ਸੀ. (ਕੰਪਿਊਟਰ ਸਾਇੰਸ) ਕਲਾਸ ਦੇ ਯੂਨਿਟ ਵਿਚ ਵਾਧੇ ਦੀ ਪਰਵਾਨਗੀ।**

81. ਵਾਈਸ-ਚਾਂਸਲਰ ਸਾਹਿਬ ਦੀ ਸਿਫਾਰਸ਼ ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਸੈਸ਼ਨ 2011-12 ਤੋਂ ਬੀ.ਐਸ.ਸੀ. (ਕੰਪਿਊਟਰ ਸਾਇੰਸ) ਕਲਾਸ ਦਾ ਯੂਨਿਟ 50 ਵਿਦਿਆਰਥੀਆਂ ਦਾ ਕਰਨ ਦੀ ਪਰਵਾਨਗੀ ਦਿੱਤੀ ਜਾਂਦੀ ਹੈ।

**ਪਬਲੀਕੇਸ਼ਨ ਬਿਊਰੋ ਦੀਆਂ ਨਾ-ਵਰਤੋਂ ਯੋਗ ਮਸ਼ੀਨਾਂ ਵੱਟੇ-ਖਾਤੇ ਪਾਉਣ ਦੀ ਪਰਵਾਨਗੀ।**

82. ਵਿਚਾਰ ਉਪਰੰਤ

**ਪਾਸ ਹੋਇਆ** ਕਿ ਪਬਲੀਕੇਸ਼ਨ ਬਿਊਰੋ ਵਿਖੇ ਵੱਖ-ਵੱਖ ਸਮੇਂ 983757/- ਰੁਪਏ ਕੀਮਤ ਦੀਆਂ ਖ੍ਰੀਦੀਆਂ ਮਸ਼ੀਨਾਂ, ਜੋ ਲੰਮੇ ਸਮੇਂ ਦੀ ਵਰਤੋਂ ਉਪਰੰਤ ਨਾ-ਵਰਤੋਂ ਯੋਗ ਹੋ ਚੁੱਕੀਆਂ ਹਨ, ਨੂੰ ਯੂਨੀਵਰਸਿਟੀ ਕੈਲੰਡਰ 2007, ਜਿਲਦ ਪਹਿਲੀ ਦੇ ਪੰਨਾ 130-131 ਉੱਤੇ ਸਟੈਚਿਊਟ 26(b)(5) ਅਧੀਨ ਵੱਟੇ ਖਾਤੇ ਪਾਉਣ ਜਾਂ ਯੂਨੀਵਰਸਿਟੀ ਦੇ ਖਾਲਸਾ ਹੈਰੀਟੇਜ ਸੈਂਟਰ ਵਿਖੇ ਤਬਦੀਲ ਕਰਨ ਸਬੰਧੀ ਵਾਈਸ-ਚਾਂਸਲਰ ਸਾਹਿਬ ਵੱਲੋਂ ਗਠਿਤ ਕਮੇਟੀ ਦੀਆਂ ਮਿਤੀ 22.9.11 ਦੀਆਂ ਸਿਫਾਰਸ਼ਾਂ **ਅੰਤਿਕਾ** ਅਨੁਸਾਰ ਪਰਵਾਨ ਕੀਤੀਆਂ ਜਾਂਦੀਆਂ ਹਨ।

ਕ੍ਰੈਡਿਟ ਬੇਸਡ ਕੋਰਸਾਂ ਸਬੰਧੀ ਵਾਈਸ-ਚਾਂਸਲਰ ਸਾਹਿਬ ਦੀਆਂ ਸਿਫਾਰਸ਼ਾਂ ਦੀ ਪਰਵਾਨਗੀ।

83. ਵਿਚਾਰ ਉਪਰੰਤ

**ਪਾਸ ਹੋਇਆ** ਕਿ ਕੈਡਿਟ ਬੇਸਡ ਕੋਰਸਾਂ ਸਬੰਧੀ ਵਾਈਸ-ਚਾਂਸਲਰ ਸਾਹਿਬ ਦੀਆਂ ਸਿਫਾਰਸ਼ਾਂ **ਅੰਤਿਕਾ** ਅਨੁਸਾਰ ਪਰਵਾਨ ਕੀਤੀਆਂ ਜਾਂਦੀਆਂ ਹਨ।

ਯੂਨੀਵਰਸਿਟੀ ਕੈਂਪਸ ਵਿਖੇ B.Tech. (CSE) ਤੀਜੇ ਸਮੈਸਟਰ ਦੀ ਸਪੋਰਟਸ ਕੈਟੇਗਰੀ ਦੀ ਸੀਟ ਨੂੰ ਜਨਰਲ ਕੈਟੇਗਰੀ ਵਿਚ ਤਬਦੀਲ ਕਰਨ ਅਤੇ ਜੈਸਮੀਨ ਰੰਧਾਵਾ ਨੂੰ ਮਾਈਗ੍ਰੇਟ ਕਰਨ ਦੀ ਪੁਸ਼ਟੀ।

84. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪਰਵਾਨਗੀ ਦੀ ਆਸ ਤੇ ਵਾਈਸ-ਚਾਂਸਲਰ ਸਾਹਿਬ ਦੇ ਆਦੇਸ਼ਾ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਸਪੋਰਟਸ ਕੈਟੇਗਰੀ ਦੀ ਇੱਕ ਖਾਲੀ ਸੀਟ ਤੇ ਕੋਈ ਅਰਜੀ ਪ੍ਰਾਪਤ ਨਾ ਹੋਣ ਕਾਰਣ ਜਨਰਲ ਕੈਟੇਗਰੀ ਵਿਚ ਤਬਦੀਲ ਕਰਨ ਅਤੇ ਜਨਰਲ ਕੈਟੇਗਰੀ ਅਧੀਨ ਜੈਸਮੀਨ ਰੰਧਾਵਾ ਨੂੰ ਬੀ.ਟੈਕ. (CSE) ਤੀਜੇ ਸਮੈਸਟਰ ਵਿਚ 50000/- ਰੁਪਏ ਨਿਰਧਾਰਤ ਫੀਸ ਨਾਲ ਰਿਜਨਲ ਕੈਂਪਸ, ਗੁਰਦਾਸਪੁਰ ਤੋਂ ਯੂਨੀਵਰਸਿਟੀ ਕੈਂਪਸ ਵਿਖੇ ਮਾਈਗ੍ਰੇਸ਼ਨ ਪਰਵਾਨ ਕੀਤੀ ਹੈ।

ਸਬੰਧਤ ਉਮੀਦਵਾਰਾਂ ਨੂੰ ਪੀਐਚ.ਡੀ. ਡਿਗਰੀ ਪਰਦਾਨ ਕਰਨ ਦੀ ਪਰਵਾਨਗੀ।

85. ਵਾਈਸ-ਚਾਂਸਲਰ ਸਾਹਿਬ ਦੀ ਸਿਫਾਰਸ਼ 'ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਹੇਠ ਲਿਖੇ ਉਮੀਦਵਾਰਾਂ ਨੂੰ, ਉਨ੍ਹਾਂ ਅੱਗੇ ਦਰਸਾਏ ਥੀਸਿਸ ਦੇ ਸਿਰਲੇਖ, ਵਿਸ਼ਾ 'ਤੇ ਫ਼ੈਕਲਟੀ ਅਨੁਸਾਰ, ਡਾਕਟਰ ਆਫ਼ ਫਿਲਾਸਫੀ ਦੀ ਡਿਗਰੀ ਪਰਦਾਨ ਕਰਨ ਦੀ ਪਰਵਾਨਗੀ ਦਿੱਤੀ ਜਾਂਦੀ ਹੈ:-

| ਕ੍ਰਮ ਨੰ: | ਨਾਮ | ਥੀਸਿਸ ਦਾ ਸਿਰਲੇਖ | ਵਿਸ਼ਾ ਤੇ ਫੈਕਲਟੀ |
|---|---|---|---|
| 1. | ਵਿਮਲ ਕੁਮਾਰ | Synthesis and Characterization of Multidenatate Schiff Base Podands and their use as Chemosensors and Catalysts. | ਕੈਮਿਸਟਰੀ- ਸਾਇੰਸਜ਼ ਫੈਕਲਟੀ। |
| 2. | ਅਮਨਪ੍ਰੀਤ ਕੌਰ | Physicochemical Studies on some Saccharides in Aqueous Solutions of Electrolytes. | - ਉਹੀ - |
| 3. | ਮਨਿੰਦਰ ਸਿੰਘ | Impact of Celebrity Endorsement on Purchase Decision of Consumer Durables: A Case Study of Punjab. | ਬਿਜਨੈਸ ਐਡਮਿਨੀਸਟ੍ਰੇਸ਼ਨ- ਇਕਨਾਮਿਕਸ ਤੇ ਬਿਜਨੈਸ ਫੈਕਲਟੀ। |
| 4. | ਅਨੁਪਮਾ ਠਾਕੁਰ | A Critical Study of Kota School with special reference to the painting of Bhada Mahal of Kota. | ਫਾਈਨ ਆਰਟਸ- ਵਿਜ਼ੂਅਲ ਆਰਟਸ ਤੇ ਪਰਫਾਰਮਿੰਗ ਆਰਟਸ ਫੈਕਲਟੀ। |
| 5. | ਹਰਮਿੰਦਰ ਕੌਰ | ਪਰਵਾਸੀ ਪੰਜਾਬੀ ਗਲਪ, ਨਾਰੀਵਾਦੀ ਪਰਿਪੇਖ (ਇਸਤਰੀ ਗਲਪਕਾਰਾਂ ਦੇ ਸੰਦਰਭ ਵਿਚ) | ਪੰਜਾਬੀ- ਲੈਂਗੂਏਜ਼ਿਜ ਫੈਕਲਟੀ। |
| 6. | ਅਰਜਿੰਦਰ ਸਿੰਘ | Mental Health in relation to Spiritual Intelligence, Altruism, School Environment and Academic Achievement of Senior Secondary Students. | ਐਜੂਕੇਸ਼ਨ- ਐਜੂਕੇਸ਼ਨ ਫੈਕਲਟੀ। |

| | | | |
|---|---|---|---|
| 7. | ਰੁਚੀ ਕੋਹਲੀ | Hydrogen Bonding Ability of Hydroxamic Acid and its Isosteres with Water and Amino Acid Side Chain Groups. | ਕੈਮਿਸਟਰੀ- ਸਾਇੰਸਜ਼ ਫ਼ੈਕਲਟੀ। |
| 8. | ਮਮਤਾ ਮਹਿਮੀ | Constitutional Safeguards for Scheduled Castes: A case Study of Punjab. | ਲਾਅ- ਲਾਅ ਫ਼ੈਕਲਟੀ। |

**ਡਾ. ਪ੍ਰਭਪ੍ਰੀਤ ਸਿੰਘ, ਅਸਿਸਟੈਂਟ ਪ੍ਰੋਫੈਸਰ, ਕੈਮਿਸਟਰੀ ਵਿਭਾਗ ਦੀ ਚੋਣ-ਕਮੇਟੀ ਦੀ ਸਿਫਾਰਸ਼ ਦੀ ਪਰਵਾਨਗੀ।**

86. ਸਿੰਡੀਕੇਟ ਨੇ **ਨੋਟ ਕੀਤਾ** ਕਿ ਡਾ. ਪ੍ਰਭਪ੍ਰੀਤ ਸਿੰਘ, ਅਸਿਸਟੈਂਟ ਪ੍ਰੋਫੈਸਰ, ਕੈਮਿਸਟਰੀ ਵਿਭਾਗ, ਜਿਸ ਨੂੰ ਚੋਣ-ਕਮੇਟੀ ਦੀ ਸਿਫਾਰਸ਼ ਅਨੁਸਾਰ ਸਿੰਡੀਕੇਟ ਦੀ ਇੱਕਤਰਤਾ ਮਿਤੀ 24.6.2011 ਦੇ ਪੈਰਾ 40 ਰਾਹੀਂ ਇਕ ਸਾਲ ਲਈ (Absentia) ਇਸ ਸ਼ਰਤ ਤੇ ਨਿਯੁਕਤ ਕੀਤਾ ਗਿਆ ਸੀ ਕਿ ਉਹ ਇਕ ਸਾਲ ਦੇ ਵਿਚ-ਵਿਚ ਚੋਣ-ਕਮੇਟੀ ਅੱਗੇ ਪੇਸ਼ ਹੋਣਗੇ, ਮਿਤੀ 20.9.2011 ਨੂੰ ਚੋਣ-ਕਮੇਟੀ ਅੱਗੇ ਪੇਸ਼ ਹੋਏ।

**ਪਾਸ ਹੋਇਆ** ਕਿ ਡਾ. ਪ੍ਰਭਪ੍ਰੀਤ ਸਿੰਘ, ਅਸਿਸਟੈਂਟ ਪ੍ਰੋਫੈਸਰ, ਕੈਮਿਸਟਰੀ ਵਿਭਾਗ ਦੀ ਅਸਿਸਟੈਂਟ ਪ੍ਰੋਫੈਸਰ ਵਜੋਂ ਨਿਯੁਕਤੀ ਨਿਯਮਿਤ (Regularize) ਕਰਨ ਦੀ ਚੋਣ-ਕਮੇਟੀ ਦੀ ਮਿਤੀ 20.9.2011 ਦੀ ਸਿਫਾਰਸ਼ ਸਰਵ-ਸਮੰਤੀ ਨਾਲ ਪਰਵਾਨ ਕੀਤੀ ਜਾਂਦੀ ਹੈ।

**ਕਾਮਰਸ ਅਤੇ ਬਿਜਨਸ ਮੈਂਨੇਜਮੈਂਟ ਵਿਭਾਗ ਦੇ ਵਿਦਿਆਰਥੀਆਂ ਦੇ ਲੈਕਚਰਾਂ ਦੀ ਘਾਟ(shortage) ਸਬੰਧੀ ਪੜਤਾਲੀਆ ਅਫਸਰ ਦੀ ਰਿਪੋਰਟ।**

87. ਕਾਮਰਸ ਅਤੇ ਬਿਜਨਸ ਮੈਂਨੇਜਮੈਂਟ ਵਿਭਾਗ ਵਿਖੇ ਵਿਦਿਆਰਥੀਆਂ ਦੇ ਲੈਕਚਰਾਂ ਦੀ ਘਾਟ(shortage) ਸਬੰਧੀ ਪੜਤਾਲੀਆ ਅਫਸਰ ਦੀ ਰਿਪੋਰਟ **ਅੰਤਿਕਾ** ਅਨੁਸਾਰ ਉਤੇ ਵਿਚਾਰ ਹੋਈ।

ਕੇਸ ਉਤੇ ਸਾਰੇ ਪੱਖਾ ਤੋਂ ਵਿਚਾਰ ਉਪਰੰਤ **ਪਾਸ ਹੋਇਆ** ਕਿ-

(1) ਕਾਮਰਸ ਅਤੇ ਬਿਜਨਸ ਮੈਨੇਜਮੈਂਟ ਵਿਭਾਗ ਵਿਖੇ ਵਿਦਿਆਰਥੀਆਂ ਦੇ ਲੈਕਚਰਾਂ ਦੀ ਘਾਟ (Shortage) ਸਬੰਧੀ ਡਾ. ਬਲਵਿੰਦਰ ਸਿੰਘ, ਮੁਖੀ ਕਾਮਰਸ ਅਤੇ ਬਿਜਨਸ ਮੈਨੇਜਮੈਂਟ ਵਿਭਾਗ ਵਿਰੱਧ ਪੜਤਾਲੀਆ ਅਫਸਰ ਦੀ ਮੁਢੱਲੀ (Priliminary) ਪੜਤਾਲੀਆ ਰਿਪੋਰਟ ਅੰਤਿਕਾ ਅਨੁਸਾਰ ਪ੍ਰਵਾਨ ਕੀਤੀ ਜਾਂਦੀ ਹੈ।

(2) ਡਾ. ਬਲਵਿੰਦਰ ਸਿੰਘ, ਮੁਖੀ ਕਾਮਰਸ ਅਤੇ ਬਿਜਨਸ ਮੈਨੇਜਮੈਂਟ ਵਿਭਾਗ ਵਿਰੁੱਧ ਮੁਕੰਮਲ (Full fledged) ਪੜਤਾਲ ਕਰਨ ਲਈ ਪੜਤਾਲੀਆ ਅਫਸਰ ਦੀ ਨਿਯੁਕਤੀ ਕਰਨ ਦੇ ਅਧਿਕਾਰ ਵਾਈਸ-ਚਾਂਸਲਰ ਸਾਹਿਬ ਨੂੰ ਦਿੱਤੇ ਜਾਂਦੇ ਹਨ।

(3) ਡਾ. ਬਲਵਿੰਦਰ ਸਿੰਘ, ਮੁਖੀ ਕਾਮਰਸ ਅਤੇ ਬਿਜਨਸ ਮੈਨੇਜਮੈਂਟ ਵਿਭਾਗ ਵੱਲੋਂ ਲੈਕਚਰਾਂ ਦੀ ਘਾਟ (Shortage of lectures) ਸਬੰਧੀ ਕੀਤੀਆਂ ਬੇਨਿਯਮੀਆਂ ਬਹੁਤ ਗੰਭੀਰ ਪ੍ਰਵਿਰਤੀ ਦੀਆਂ (Serious) ਹਨ, ਜਿਸ ਨੂੰ ਮੁੱਖ ਰੱਖਦਿਆਂ ਉਸਨੂੰ ਯੂਨੀਵਰਸਿਟੀ ਸੇਵਾ ਤੋਂ ਮੁਅੱਤਲ (Suspend) ਕਰਨਾ ਬਣਦਾ ਹੈ। ਪ੍ਰੰਤੂ ਉਸਦੀ ਯੂਨੀਵਰਸਿਟੀ ਵਿਖੇ ਲੰਮੀ ਸੇਵਾ ਅਤੇ ਵਿਦਿਆਰਥੀਆਂ ਦੇ ਹਿੱਤਾਂ ਨੂੰ ਮੁੱਖ ਰੱਖਦਿਆਂ ਡਾ. ਬਲਵਿੰਦਰ ਸਿੰਘ ਨੂੰ ਯੂਨੀਵਰਸਿਟੀ ਸੇਵਾ ਤੋਂ ਮੁਅਤਲ (Suspend) ਕਰਨ ਦੀ ਬਜਾਏ, ਉਸਨੂੰ ਮੁਖੀ ਵਿਭਾਗ ਦੀ ਜੁੰਮੇਵਾਰੀ ਤੋਂ ਤੁਰੰਤ ਫਾਰਗ ਕੀਤਾ ਜਾਂਦਾ ਹੈ ਕਿਉਂ ਜੋ ਜੇਕਰ ਉਹ ਮੁਖੀ ਵਿਭਾਗ ਦੇ ਅਹੁੱਦੇ ਤੇ ਰਹਿੰਦੇ ਹਨ ਤਾਂ ਉਨ੍ਹਾਂ ਵਿਰੁੱਧ ਚਲ ਰਹੀ ਪੜਤਾਲ ਨੂੰ ਉਹ ਪ੍ਰਭਾਵਿਤ ਕਰ ਸਕਦੇ ਹਨ ਅਤੇ ਉਨ੍ਹਾਂ ਵਿਰੁੱਧ ਉਚਿਤ ਢੰਗ ਨਾਲ (Properly) ਪੜਤਾਲ ਸੰਭਵ ਨਹੀਂ। ਉਨ੍ਹਾਂ ਦੇ ਮੁਖੀ ਵਿਭਾਗ ਵਜੋਂ ਰਹਿੰਦਿਆਂ ਹੋਇਆਂ ਕੋਈ ਵੀ ਉਨ੍ਹਾਂ ਦੇ ਖਿਲਾਫ ਗਵਾਹੀ ਦੇਣ ਲਈ ਤਿਆਰ ਨਹੀਂ ਹੋਵੇਗਾ ਅਤੇ ਉਹ ਖੁੱਦ ਵੀ ਰਿਕਾਰਡ ਨਾਲ ਛੇੜ-ਛਾੜ ਕਰ ਸਕਦੇ ਹਨ।

ਏਜੰਡਾ ਖਤਮ ਹੋਣ ਉਪਰੰਤ ਰਜਿਸਟਰਾਰ ਸਾਹਿਬ ਨੇ ਦੱਸਿਆ ਕਿ –

(I) ਸੈਨੇਟ ਨੇ ਆਪਣੀ ਇਕੱਤਰਤਾ ਮਿਤੀ 27.9.2011 ਦੇ ਪੈਰਾ ਨੰ: 4 ਰਾਹੀਂ ਸਾਲ 2010 ਲਈ ਯੂਨੀਵਰਸਿਟੀ ਦੀ 41ਵੀਂ ਸਲਾਨਾ ਰਿਪੋਰਟ ਦੀ ਪਰਵਾਨਗੀ ਦਿੱਤੀ ਹੈ।

(II) ਵਾਈਸ-ਚਾਂਸਲਰ ਸਾਹਿਬ ਦੀ ਸਿਫ਼ਾਰਸ਼ ਅਨੁਸਾਰ ਸੈਨੇਟ ਨੇ ਆਪਣੀ ਇਕੱਤਰਤਾ ਮਿਤੀ 27.9.2011 ਦੇ ਪੈਰਾ ਨੰ: 7 ਰਾਹੀਂ ਹੇਠ ਲਿਖੇ ਦੋ ਪ੍ਰਤਿਸ਼ਠ ਵਿਅਕਤੀਆਂ ਨੂੰ ਉਨ੍ਹਾਂ ਦੀ ਉੱਘੀ ਸਖਸ਼ੀਅਤ ਅਤੇ ਪ੍ਰਾਪਤੀਆਂ ਸਦਕਾ ਯੂਨੀਵਰਸਿਟੀ ਦੀ 38ਵੀਂ ਕਨਵੋਕੇਸ਼ਨ 'ਤੇ, ਹਰੇਕ ਅੱਗੇ ਦਰਸਾਏ ਅਨੁਸਾਰ, ਸਨਮਾਨਾਰਥ (Honoris Causa) ਡਿਗਰੀ ਪਰਦਾਨ ਕਰਨ ਦੀ ਪਰਵਾਨਗੀ ਦਿੱਤੀ ਹੈ:-

| | |
|---|---|
| 1. Shri Narayana Murthy,<br>(Chairman- Emeritus Infosis),<br>Infosis Limited, Electronics City,<br>Bangalore 560100, India | Doctor of Science in the Faculty of Sciences |
| 2. S. Kartar Singh Duggal<br>(Eminent Punjabi Writer)<br>P-7, Hauz Khas,<br>New Delhi. | Doctor of Literature in the Faculty of Languages |

ਇਹ ਦੱਸਿਆ ਗਿਆ ਕਿ ਉਕਤ ਵਿਅਕਤੀਆਂ ਨੂੰ ਨਿਯਮਾਂ ਅਨੁਸਾਰ ਟੀ.ਏ./ਡੀ.ਏ. ਦੀ ਅਦਾਇਗੀ ਕੀਤੀ ਜਾਵੇਗੀ ਅਤੇ ਯੂਨੀਵਰਸਿਟੀ ਦੀ 38ਵੀਂ ਸਲਾਨਾ ਕਨਵੋਕੇਸ਼ਨ 1 ਫਰਵਰੀ, 2012 ਨੂੰ ਯੂਨੀਵਰਸਿਟੀ ਕੈਂਪਸ ਵਿਖੇ ਹੋਵੇਗੀ।

**ਸਿੰਡੀਕੇਟ ਨੇ ਉਕਤ ਜਾਣਕਾਰੀ ਨੋਟ ਕੀਤੀ।**

ਧੰਨਵਾਦ ਦੇ ਮਤੇ ਨਾਲ ਇੱਕਤਰਤਾ ਸਮਾਪਤ ਹੋਈ।

(ਇੰਦਰਜੀਤ ਸਿੰਘ)
ਰਜਿਸਟਰਾਰ

**ਪੱਕੀ ਕੀਤੀ ਗਈ।**

**ਸਹੀ/-**

ਅ. ਸ. ਬਰਾੜ
ਵਾਈਸ-ਚਾਂਸਲਰ